ੴ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ੴ

# ਗੁਰੂ ਗਰੰਥ ਸਾਹਿਬ: ਇਤਿਹਾਸਿਕ ਖੋਜ ਦਾ ਇਕ ਮਹਾਨ ਸੋਮਾ

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ



# Guru Granth Sahib: A Great Source of Historical Research

ਡਾ: ਸਰਬਜੀਤ ਸਿੰਘ

ੴ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ੴ

ਤਤਕਰਾ

ੴ ਸਤਿਗੁਰ ਪ੍ਰਸਾਦਿ

# ਗੁਰੂ ਗਰੰਥ ਸਾਹਿਬ: ਇਤਿਹਾਸਿਕ ਖੋਜ ਦਾ ਇਕ ਮਹਾਨ ਸੋਮਾ

ਲੇਖਕ

## ਡਾ: ਸਰਬਜੀਤ ਸਿੰਘ

ਵਾਸ਼ੀ, ਨਵੀਂ ਮੁੰਬਈ

# Guru Granth Sahib: A Great Source of Historical Research

## Dr. Sarbjit Singh

Vashi, Navi Mumbai

ਪਹਿਲੀ ਵਾਰ: ੨ ਮਈ ੨੦੧੮
1st Digital Edition: 2nd May 2018
DOI 10.5281/zenodo.17938776
https://zenodo.org/records/17938777

ਦੂਜੀ ਵਾਰ: 27 ਜਨਵਰੀ 2026
2nd Digital Edition: 27th January 2026

DOI 10.5281/zenodo.18381748
https://zenodo.org/records/18381748

ਆਰੰਭ

# ਤਤਕਰਾ

ਲੋੜੀਦਾ ਭਾਗ ਪੜ੍ਹਨ ਲਈ ਉਸ ਲਿੰਕ ਉੱਪਰ ਕਲਿਕ ਕਰੋ ਜੀ
Please click on the link to access the required page


| ਭਾਗ | ਵਿਸ਼ਾ | ਪੰਨਾਂ |
|---|---|---|
| | ਧੰਨਵਾਦ | 3 |
| | ਆਰੰਭਕ ਜਾਣਕਾਰੀ | 5 |
| | ਸੰਖੇਪ-01 ਸੰਖੇਪ-02 ਸੰਖੇਪ-03 | 6 |
| 1 | ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਤੇ ਗੁਰੂ ਅਰਜਨ ਸਾਹਿਬ ਦੇ ਨਾਂ ਨਾਲ ਦੇਵ ਦੀ ਵਰਤੋਂ ਗੁਰਬਾਣੀ ਅਨੁਸਾਰ ਪ੍ਰਵਾਨ ਨਹੀਂ ਹੈ | 16 |
| 2 | ਗੁਰੂ ਨਾਨਕ ਸਾਹਿਬ ਨੂੰ ਤਾਂ ੧੦੦ ਤੋਂ ਵੱਧ ਭਾਸ਼ਾਵਾਂ ਤੇ ਬਹੁਤ ਸਾਰੇ ਵਿਸ਼ਿਆਂ ਬਾਰੇ ਗਿਆਨ ਸੀ, ਸਾਨੂੰ ਕਿਨਾਂ ਕੁ ਹੈ? | 28 |
| 3 | ਕੀ ਪੰਦਰਾਂ ਭਗਤ, ਜਿਨ੍ਹਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹੈ, ਉਹ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਏ ਸਨ, ਸਮਕਾਲੀ ਸਨ, ਜਾਂ ਗੁਰੂ ਨਾਨਕ ਸਾਹਿਬ ਤੋਂ ਬਾਅਦ ਹੋਏ ਸਨ? | 37 |
| 4 | ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਖੋਜ ਅਨੁਸਾਰ ਇਤਿਹਾਸਿਕ ਪ੍ਰਮਾਣ ਤੇ ਸਿਖਿਆ {ਸੰਖੇਪ ਨਿਚੋੜ} | 55 |
| 5 | ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਗੁਰਮੁਖੀ ਤੇ ਅੰਗਰੇਜ਼ੀ ਦੀਆਂ ਕਿਤਾਬਾਂ ਅਤੇ ਲੇਖਾਂ ਦੀ ਸੂਚੀ | 61 |

# ਧੰਨਵਾਦ

ਤਤਕਰਾ

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਜੀਵਨ ਜਾਚ ਦਾ ਇਕ ਵਡਮੁਲਾ ਖਜਾਨਾ ਹੈ। ਜਿਸ ਦਾ ਮੰਤਵ ਮਨੁੱਖ ਨੂੰ ਇਕ ਸਫਲ ਜੀਵਨ ਵਲ ਲੈ ਕੇ ਜਾਣਾ ਹੈ। ਗੁਰੂ ਗਰੰਥ ਸਾਹਿਬ ਵਿਚ ਸਮਾਜਿਕ, ਰਾਜਨੀਤਕ, ਗ੍ਰਹਿ ਵਿਗਿਆਨ, ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਕਮਿਸਟਰੀ, ਫਿਜ਼ਿਕਸ, ਭੂਮੰਡਲ, ਅਕਾਸ਼ ਮੰਡਲ, ਮਨੋਵਿਗਿਆਨ, ਆਦਿ ਸੱਭ ਤਰ੍ਹਾਂ ਦੇ ਵਿਸ਼ਿਆ ਸਬੰਧੀ ਉਸ ਸਮੇਂ ਅਨੁਸਾਰ ਡੂੰਘੀ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਸਮੁੱਚੀ ਮਨੁੱਖਤਾ ਨੂੰ ਜੀਵਨ ਦੀ ਸਹੀ ਦਿਸ਼ਾ ਵੱਲ ਮੋੜਿਆ ਜਾ ਸਕੇ।

ਸਿੱਖ ਇਤਿਹਾਸ ਲਿਖਣ ਵਾਲੇ ਜਿਆਦਾ ਤਰ ਗੈਰ ਸਿੱਖ ਹੀ ਸਨ, ਜਿਸ ਕਰਕੇ ਸਿੱਖ ਇਤਿਹਾਸ ਵਿਚ ਬਹੁਤ ਸਾਰੀਆਂ ਮਿਲਾਵਟਾਂ ਪਾਈਆਂ ਜਾ ਚੁਕੀਆਂ ਹਨ। ਗੁਰੂ ਅਰਜਨ ਸਾਹਿਬ ਨੇ ਗੁਰੂ ਗਰੰਥ ਸਾਹਿਬ ਦੀ ਤਰਤੀਬ ਤੇ ਬਣਤਰ ਇਸ ਤਰ੍ਹਾਂ ਦੀ ਬਣਾਈ ਹੈ, ਕਿ ਕੋਈ ਬਾਹਰੋ ਇਸ ਵਿਚ ਕਿਸੇ ਤਰ੍ਹਾਂ ਦੀ ਮਿਲਾਵਟ ਨਹੀਂ ਕਰ ਸਕਦਾ ਹੈ। ਇਹੀ ਕਾਰਨ ਹੈ ਕਿ ਗੁਰੂ ਗਰੰਥ ਸਾਹਿਬ ਦੇ ਤੁਲ ਹੋਰ ਗਰੰਥ ਪ੍ਰਚਲਤ ਕਰਨ ਦੀਆਂ ਬਹੁਤ ਕੋਸ਼ਿਸ਼ਾਂ ਹੋ ਰਹੀਆਂ ਹਨ, ਤਾਂ ਜੋ ਸਿੱਖਾਂ ਨੂੰ ਗੁਮਰਾਹ ਕੀਤਾ ਜਾ ਸਕੇ। ਗੁਰਬਾਣੀ ਦੀ ਰਚਨਾ ਦਾ ਸਮਾਂ ੧੪੬੯ ਤੋਂ ੧੬੦੪/੧੬੭੫ ਦਾ ਹੈ ਤੇ ਗੁਰੂ ਗਰੰਥ ਸਾਹਿਬ ਵਿਚ ਸਿਰਫ ਸਚਾਈ ਹੀ ਬਿਆਨ ਕੀਤੀ ਗਈ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦਾ ਮੰਤਵ ਮਨੁੱਖ ਦੇ ਮਨ ਨੂੰ ਸਹੀ ਦਿਸ਼ਾ ਵਲ ਮੋੜਨਾ ਹੈ, ਤਾਂ ਜੋ ਉਸ ਦਾ ਸਰੀਰ ਆਪਣੇ ਆਪ ਸਹੀ ਦਿਸ਼ਾ ਵਲ ਚਲ ਪਏ। ਇਸ ਸੱਚੀ ਬਾਣੀ ਦੀ ਖੋਜ ਨਾਲ ਇਤਿਹਾਸਕ ਮਸਲੇ ਵੀ ਕੁਝ ਹਦ ਤਕ ਹਲ ਕੀਤੇ ਜਾ ਸਕਦੇ ਹਨ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਗੁਰਬਾਣੀ ਦੀ ਸਹਾਇਤਾ ਨਾਲ ਕੁਝ ਕੁ ਇਤਿਹਾਸਕ ਖਾਮੀਆਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਤਿਹਾਸ ਦੇ ਕੁਝ ਵਿਸ਼ਿਆਂ ਸਬੰਧੀ ਗੁਰਬਾਣੀ ਦੁਆਰਾ ਪ੍ਰਾਪਤ ਕੀਤੀ ਗਈ ਜਾਣਕਾਰੀ ਨੂੰ ਇਕ ਕਿਤਾਬ ਦੇ ਰੂਪ ਵਿਚ ਇਕੱਠਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਕੱਤਰ ਕੀਤੀ ਗਈ ਜਾਣਕਾਰੀ ਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਆਧਾਰ ਤੇ ੩ ਭਾਗਾਂ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਆਰੰਭਕ ਜਾਣਕਾਰੀ ਵਿਚ ਇਨ੍ਹਾਂ ਸਾਰੇ ਭਾਗਾਂ ਦਾ ਸੰਖੇਪ ਵਿਚ ਵਰਨਣ ਕੀਤਾ ਗਿਆ ਹੈ ਤਾਂ ਜੋ ਪਾਠਕਾਂ ਨੂੰ ਸਮਝਣ ਵਿਚ ਆਸਾਨੀ ਹੋ ਸਕੇ। ਇਸ ਕਿਤਾਬ ਵਿਚ ਅੰਕਿਤ ੩ ਭਾਗਾਂ ਦੇ ਸਿਰਲੇਖ ਹਨ:-

- **ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਤੇ ਗੁਰੂ ਅਰਜਨ ਸਾਹਿਬ ਦੇ ਨਾਂ ਨਾਲ ਦੇਵ ਦੀ ਵਰਤੋਂ ਗੁਰਬਾਣੀ ਅਨੁਸਾਰ ਪ੍ਰਵਾਨ ਨਹੀਂ ਹੈ**
- **ਗੁਰੂ ਨਾਨਕ ਸਾਹਿਬ ਨੂੰ ਤਾਂ ੧੦੦ ਤੋਂ ਵੱਧ ਭਾਸ਼ਾਵਾਂ ਤੇ ਬਹੁਤ ਸਾਰੇ ਵਿਸ਼ਿਆਂ ਬਾਰੇ ਗਿਆਨ ਸੀ, ਸਾਨੂੰ ਕਿਨਾਂ ਕੁ ਹੈ?**
- **ਕੀ ਪੰਦਰਾਂ ਭਗਤ, ਜਿਨ੍ਹਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹੈ, ਉਹ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਏ ਸਨ, ਸਮਕਾਲੀ ਸਨ, ਜਾਂ ਗੁਰੂ ਨਾਨਕ ਸਾਹਿਬ ਤੋਂ ਬਾਅਦ ਹੋਏ ਸਨ?**

ਕੋਸ਼ਿਸ਼ ਕੀਤੀ ਗਈ ਹੈ ਕਿ ਹਰੇਕ ਵਿਸ਼ੇ ਸਬੰਧੀ ਪ੍ਰਮਾਣ ਦੇ ਤੌਰ ਤੇ ਸ਼ਬਦ ਸਾਂਝੇ ਕੀਤੇ ਜਾਣ ਤਾਂ ਜੋ ਗੁਰੂ ਗਰੰਥ ਸਾਹਿਬ ਅਨੁਸਾਰ ਉਸ ਵਿਸ਼ੇ ਸਬੰਧੀ ਸਹੀ ਤੇ ਪੂਰਣ ਜਾਣਕਾਰੀ ਹਾਸਲ ਹੋ ਸਕੇ। ਹਰੇਕ ਭਾਗ ਦੇ ਅੰਤ ਵਿਚ ਸੰਖੇਪ ਵਿਚ ਉਸ ਵਿਸ਼ੇ ਸਬੰਧੀ ਜਾਣਕਾਰੀ ਦਿਤੀ ਗਈ ਹੈ, ਤਾਂ ਜੋ ਪਾਠਕ ਆਸਾਨੀ ਨਾਲ ਸਮਝ ਸਕਣ।

ਸਭ ਤੋਂ ਪਹਿਲਾਂ ਤਾਂ ਦਾਸ ਉਸ ਅਕਾਲ ਪੁਰਖੁ ਦਾ ਬਹੁਤ ਧੰਨਵਾਦੀ ਹੈ, ਜਿਸ ਨੇ ਗੁਰੂ ਨਾਨਕ ਸਾਹਿਬ ਦੇ ਆਰੰਭ ਕੀਤੇ ਸਿੱਖ ਧਰਮ ਵਿਚ ਮਨੁੱਖਾ ਜਨਮ ਦਿਤਾ ਤੇ ਗੁਰੂ ਗਰੰਥ ਸਾਹਿਬ ਬਾਰੇ ਜਾਣਨ ਤੇ ਸਮਝਣ ਦਾ ਉਦਮ ਤੇ ਬਲ ਬਖਸ਼ਿਆ। ਜੀਵਨ ਜਾਚ ਲਈ ਗਿਆਨ ਦਾ ਅਸਲੀ ਸੋਮਾਂ ਤਾਂ ਗੁਰੂ ਗਰੰਥ ਸਾਹਿਬ ਹੀ ਹਨ, ਜਿਨ੍ਹਾਂ ਦੁਆਰਾ

ਜੀਵਨ ਸਬੰਧੀ ਸਹੀ ਜਾਣਕਾਰੀ ਹਾਸਲ ਕਰਕੇ ਦਾਸ ਲੇਖਾਂ ਦੇ ਰੂਪ ਵਿਚ ਢਾਲ ਕੇ ਆਪ ਸਭ ਦੇ ਸਾਹਮਣੇ ਪੇਸ਼ ਕਰਨ ਦੇ ਯੋਗ ਹੋ ਸਕਿਆ ਹਾਂ।

ਦਾਸ ਆਪਣੇ ਮਾਤਾ {ਸਰਦਾਰਨੀ ਸਵਰਨ ਕੌਰ ਜੀ} ਤੇ ਪਿਤਾ {ਸਰਦਾਰ ਹਰਜਿੰਦਰ ਸਿੰਘ ਜੀ} ਦਾ ਅਤੀ ਰਿਣੀ ਹੈ, ਜਿਨ੍ਹਾਂ ਨੇ ਪਾਲਿਆਂ ਪੋਸਿਆ ਤੇ ਦੁਨਿਆਵੀ ਅਤੇ ਗੁਰਮਤਿ ਦਾ ਗਿਆਨ ਹਾਸਲ ਕਰਨ ਦੇ ਯੋਗ ਬਣਾਇਆ। ਆਪਣੇ ਪਰਿਵਾਰ ਦੇ ਮੈਂਬਰਾਂ, ਧਰਮ ਪਤਨੀ {ਹਰਵਿੰਦਰ ਕੌਰ}, ਸਪੁਤਰ {ਪ੍ਰਭਦੀਪ ਸਿੰਘ} ਸਪੁਤਰੀ {ਪਰਨੀਤ ਕੌਰ} ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣਾ ਉਹ ਕੀਮਤੀ ਸਮਾਂ ਭੇਟ ਕੀਤਾ, ਜਿਹੜਾ ਸਮਾਂ ਦਾਸ ਨੇ ਪਰਿਵਾਰ ਦੇ ਮੈਂਬਰਾਂ ਪ੍ਰਤੀ ਜੁਮੇਵਾਰੀ ਲਈ ਵਰਤਣਾ ਸੀ। ਉਹ ਸਮਾਂ ਦਾਸ ਨੂੰ ਗੁਰਬਾਣੀ ਨੂੰ ਪੜ੍ਹਨ ਸਮਝਣ ਤੇ ਵੀਚਾਰਨ ਲਈ ਦਿਤਾ, ਜਿਸ ਸਦਕਾ ਗੁਰਬਾਣੀ ਦੇ ਲੇਖ ਲਿਖਣ ਵਿਚ ਤੇ ਇਹ ਕਿਤਾਬ ਲਿਖਣ ਦੇ ਯੋਗ ਹੋ ਸਕਿਆ ਹਾਂ।

ਡਾ: ਕੁਲਬੀਰ ਸਿੰਘ ਥਿੰਦ ਜੀ {ਯੂ.ਐਸ.ਏ.} ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਦੇ ਤਿਆਰ ਕੀਤੇ ਗਏ ਪੰਜਾਬੀ ਦੇ ਫਾਂਟਾਂ ਨੂੰ ਵਰਤ ਕੇ ਗੁਰਬਾਣੀ ਦੇ ਬਹੁਤ ਸਾਰੇ ਲੇਖਾਂ ਤੇ ਕਿਤਾਬਾਂ ਨੂੰ ਲਿਖ ਸਕਿਆ ਹਾਂ। ਸਰਦਾਰ ਹਰਮੋਹਿੰਦਰ ਸਿੰਘ ਜੀ {ਵਾਸ਼ੀ, ਨਵੀਂ ਮੁੰਬਈ} ਦਾ ਵੀ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੇ ਬਹੁਤ ਸਾਰੇ ਲੇਖਾਂ ਨੂੰ ਪੜ੍ਹ ਕੇ ਆਪਣੇ ਕੀਮਤੀ ਸੁਝਾਅ ਦਿਤੇ ਤਾਂ ਜੋ ਉਨ੍ਹਾਂ ਨੂੰ ਸੋਧਿਆ ਜਾ ਸਕੇ। ਡਾ: ਜੋਰਾਵਰ ਸਿੰਘ {ਖਾਲਸਾ ਕਾਲਜ ਅੰਮ੍ਰਿਤਸਰ} ਦਾ ਵੀ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਸੁਝਾਵ ਦੇਣ ਦੇ ਨਾਲ ਨਾਲ ਕਿਤਾਬਾਂ ਛਪਵਾਉਣ ਵਿਚ ਵੀ ਸਹਾਇਤਾ ਕੀਤੀ। ਸਰਦਾਰ ਰਣਜੀਤ ਸਿੰਘ ਜੀ {ਮਿਸ਼ਨਰੀ ਲੁਧਿਆਣਾ} ਦਾ ਵੀ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਕਿਤਾਬ ਵਿਚ ਸੋਧ ਕਰਨ ਲਈ ਆਪਣੇ ਕੀਮਤੀ ਸੁਝਾਅ ਦਿਤੇ।

ਅਕਾਲ ਪੁਰਖੁ ਆਪ ਬੇਅੰਤ ਹੈ ਤੇ ਉਸ ਦੀ ਰਚਨਾ ਵੀ ਬੇਅੰਤ ਹੈ। **"ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ"।** ਮੇਰੇ ਵਰਗੇ ਆਮ ਮਨੁੱਖ ਦੇ ਲਈ ਉਸ ਅਕਾਲ ਪੁਰਖੁ ਨੂੰ ਸਮਝਣਾ ਬਹੁਤ ਕਠਿਨ ਹੈ। ਗੁਰੂ ਗਰੰਥ ਸਾਹਿਬ ਦੀ ਸਹਾਇਤਾ ਨਾਲ ਜੀਵਨ ਸਬੰਧੀ ਸਹੀ ਜਾਣਕਾਰੀ ਨੂੰ ਸਮਝਣ ਤੇ ਬਿਆਨ ਕਰਨ ਵਿਚ ਬਹੁਤ ਖਾਮੀਆਂ ਰਹਿ ਗਈਆਂ ਹੋਣਗੀਆਂ। **"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥"** ਆਪ ਸਭ ਅੱਗੇ ਬੇਨਤੀ ਹੈ, ਕਿ ਇਸ ਕਿਤਾਬ ਨੂੰ ਪੜ੍ਹ ਕੇ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੇ ਆਧਾਰ ਤੇ ਵੀਚਾਰੋ ਤੇ ਆਪਣੇ ਸੁਝਾਵ ਭੇਜੋ ਤਾਂ ਜੋ ਇਸ ਵਿਚ ਲੋੜੀਦੇ ਸੁਧਾਰ ਕੀਤੇ ਜਾ ਸਕਣ।

"ਵਾਹਿ ਗੁਰੂ ਜੀ ਕਾ ਖਾਲਸਾ ਵਾਹਿ ਗੁਰੂ ਜੀ ਕੀ ਫਤਿਹ"

Dr. Sarbjit Singh
RH1 / E-8, Sector-8,
Vashi, Navi Mumbai - 400703.

ਡਾ: ਸਰਬਜੀਤ ਸਿੰਘ
ਆਰ ਐਚ ੧ / ਈ - ੮, ਸੈਕਟਰ - ੮,
ਵਾਸ਼ੀ, ਨਵੀਂ ਮੁੰਬਈ - ੪੦੦੭੦੩.

Email = sarbjitsingh@yahoo.com
Web = https://gurmat-research.com/
http://www.geocities.ws/sarbjitsingh/,
http://www.sikhmarg.com/article-dr-sarbjit.html
https://sikhwisdom.org/profile/sarbjitsingh/answers/

ਤਤਕਰਾ

# ਆਰੰਭਕ ਜਾਣਕਾਰੀ

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਜੀਵਨ ਜਾਚ ਦਾ ਇਕ ਵਡਮੁਲਾ ਖਜਾਨਾ ਹੈ। ਜਿਸ ਦਾ ਮੰਤਵ ਮਨੁੱਖ ਨੂੰ ਇਕ ਸਫਲ ਜੀਵਨ ਵਲ ਲੈ ਕੇ ਜਾਣਾ ਹੈ। ਗੁਰੂ ਗਰੰਥ ਸਾਹਿਬ ਵਿਚ ਸਮਾਜਿਕ, ਰਾਜਨੀਤਕ, ਗ੍ਰਹਿ ਵਿਗਿਆਨ, ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਕਮਿਸਟਰੀ, ਫਿਜ਼ਿਕਸ, ਭੂਮੰਡਲ, ਅਕਾਸ਼ ਮੰਡਲ, ਮਨੋਵਿਗਿਆਨ, ਆਦਿ ਸੱਭ ਤਰ੍ਹਾਂ ਦੇ ਵਿਸ਼ਿਆ ਸਬੰਧੀ, ਉਸ ਸਮੇਂ ਅਨੁਸਾਰ ਬਹੁਤ ਡੂੰਘੀ ਜਾਣਕਾਰੀ ਦਿੱਤੀ ਗਈ ਹੈ, ਤਾਂ ਜੋ ਸਮੁੱਚੀ ਮਨੁੱਖਤਾ ਨੂੰ ਜੀਵਨ ਦੀ ਸਹੀ ਦਿਸ਼ਾ ਵੱਲ ਮੋੜਿਆ ਜਾ ਸਕੇ। ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਕਲਪਨਾਂ ਦੇ ਆਧਾਰ ਤੇ ਨਹੀਂ, ਬਲਕਿ ਪੂਰਨ, ਉਚੇ ਪੱਧਰ ਦੀ ਸਾਇੰਸ ਦੇ ਆਧਾਰ ਤੇ ਦਿੱਤੀ ਹੈ।

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ {੧}**

ਗੁਰੂ ਗਰੰਥ ਸਾਹਿਬ ਵਿਚ ਅਕਾਲ ਪੁਰਖੁ ਨੂੰ ਵਿਗਿਆਨਕ ਤਰੀਕੇ ਨਾਲ ਦਰਸਾਉਂਣ ਦਾ ਇਹ ਇਕ ਨਿਵੇਕਲਾ ਆਰੰਭ ਹੈ। ਇਸ ਨੂੰ ਅਕਾਲ ਪੁਰਖੁ ਸਬੰਧੀ ਸਾਇੰਸ ਦਾ ਮੁੱਢ ਕਹਿ ਸਕਦੇ ਹਾਂ। ਇਸ ਸੰਸਾਰ ਨੂੰ ਚਲਾਉਂਣ ਵਾਲਾ ਨਾ ਤਾਂ ਕੋਈ ਮਨੁੱਖ ਹੋ ਸਕਦਾ ਹੈ ਅਤੇ ਨਾ ਹੀ ਕੋਈ ਜੀਵ ਜੰਤੂ ਜਾਂ ਵਸਤੂ, ਕਿਉਂਕਿ ਇਹ ਸਾਰੇ ਨਾਸ਼ਵੰਤ ਹਨ, ਸਦੀਵੀ ਕਾਲ ਲਈ ਨਹੀਂ ਰਹਿ ਸਕਦੇ ਹਨ। ਅਕਾਲ ਪੁਰਖੁ ਕੋਈ ਨਿਯਮ, ਅਸੂਲ ਜਾਂ ਸਿਸਟਮ ਹੀ ਹੋ ਸਕਦਾ ਹੈ, ਜਿਸ ਦੀ ਸੀਮਾਂ ਬੇਅੰਤ ਹੈ, ਇਸ ਲਈ ਦੁਨਿਆਵੀ ਲਫਜ਼ਾਂ ਵਿਚ ਕਿਸੇ ਖਾਸ ਨਾਂ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ।

ਸਿੱਖ ਇਤਿਹਾਸ ਲਿਖਣ ਵਾਲੇ ਜਿਆਦਾ ਤਰ ਗੈਰ ਸਿੱਖ ਹੀ ਸਨ, ਜਿਸ ਕਰਕੇ ਸਿੱਖ ਇਤਿਹਾਸ ਵਿਚ ਬਹੁਤ ਸਾਰੀਆਂ ਮਿਲਾਵਟਾਂ ਪਾਈਆਂ ਜਾ ਚੁਕੀਆਂ ਹਨ। ਗੁਰੂ ਅਰਜਨ ਸਾਹਿਬ ਨੇ ਗੁਰੂ ਗਰੰਥ ਸਾਹਿਬ ਦੀ ਤਰਤੀਬ ਤੇ ਬਣਤਰ ਇਸ ਤਰ੍ਹਾਂ ਦੀ ਬਣਾਈ ਹੈ, ਕਿ ਕੋਈ ਬਾਹਰੋ ਇਸ ਵਿਚ ਕਿਸੇ ਤਰ੍ਹਾਂ ਦੀ ਮਿਲਾਵਟ ਨਹੀਂ ਕਰ ਸਕਦਾ ਹੈ। ਇਹੀ ਕਾਰਨ ਹੈ ਕਿ ਗੁਰੂ ਗਰੰਥ ਸਾਹਿਬ ਦੇ ਤੁਲ ਹੋਰ ਗਰੰਥ ਪ੍ਰਚਲਤ ਕਰਨ ਦੀਆਂ ਬਹੁਤ ਕੋਸ਼ਿਸ਼ਾਂ ਹੋ ਰਹੀਆਂ ਹਨ, ਤਾਂ ਜੋ ਸਿੱਖਾਂ ਨੂੰ ਗੁਮਰਾਹ ਕੀਤਾ ਜਾ ਸਕੇ। ਗੁਰਬਾਣੀ ਦੀ ਰਚਨਾ ਦਾ ਸਮਾਂ ੧੪੬੯ ਤੋਂ ੧੬੦੪/੧੬੭੫ ਦਾ ਹੈ ਤੇ ਗੁਰੂ ਗਰੰਥ ਸਾਹਿਬ ਵਿਚ ਸਿਰਫ ਸਚਾਈ ਹੀ ਬਿਆਨ ਕੀਤੀ ਗਈ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦਾ ਮੰਤਵ ਮਨੁੱਖ ਦੇ ਮਨ ਨੂੰ ਸਹੀ ਦਿਸ਼ਾ ਵਲ ਮੋੜਨਾ ਹੈ, ਤਾਂ ਜੋ ਉਸ ਦਾ ਸਰੀਰ ਆਪਣੇ ਆਪ ਸਹੀ ਦਿਸ਼ਾ ਵਲ ਚਲ ਪਏ।

ਸਲੋਕ ਮ: ੩ ॥ **ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥ ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮ ਕਰੇਨਿ ॥ ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ ਬਚਨ ਸਭ ਸ੍ਰਿਸਟਿ ਕਰੇਨਿ ॥ ਸਚੈ ਲਾਏ ਸਚਿ ਲਗੇ ਸਦਾ ਸਚੁ ਸਮਾਲੇਨਿ ॥ ਨਾਨਕ ਆਏ ਸੇ ਪਰਵਾਣੁ ਭਏ ਜਿ ਸਗਲੇ ਕੁਲ ਤਾਰੇਨਿ ॥੧॥ {੯੫੧}**

ਇਸ ਸੱਚੀ ਬਾਣੀ ਦੀ ਖੋਜ ਨਾਲ ਕੁਝ ਕੁ ਇਤਿਹਾਸਕ ਮਸਲੇ ਵੀ ਹਲ ਕੀਤੇ ਜਾ ਸਕਦੇ ਹਨ। ਇਸ ਕਿਤਾਬ ਵਿਚ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸੱਚੀ ਗੁਰਬਾਣੀ ਦੀ ਸਹਾਇਤਾ ਨਾਲ ਕੁਝ ਕੁ ਇਤਿਹਾਸਕ ਖਾਮੀਆਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸੱਚੀ ਗੁਰਬਾਣੀ ਦੀ ਸਹਾਇਤਾ ਨਾਲ ਹੇਠ ਲਿਖੇ ਵਿਸ਼ਿਆਂ ਸਬੰਧੀ ਸਚਾਈ ਪੇਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ:

- **ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਤੇ ਗੁਰੂ ਅਰਜਨ ਸਾਹਿਬ ਦੇ ਨਾਂ ਨਾਲ ਦੇਵ ਦੀ ਵਰਤੋਂ ਗੁਰਬਾਣੀ ਅਨੁਸਾਰ ਪ੍ਰਵਾਨ ਨਹੀਂ ਹੈ**
- **ਗੁਰੂ ਨਾਨਕ ਸਾਹਿਬ ਨੂੰ ਤਾਂ ੧੦੦ ਤੋਂ ਵੱਧ ਭਾਸ਼ਾਵਾਂ ਤੇ ਬਹੁਤ ਸਾਰੇ ਵਿਸ਼ਿਆਂ ਬਾਰੇ ਗਿਆਨ ਸੀ, ਸਾਨੂੰ ਕਿਨਾਂ ਕੁ ਹੈ?**
- **ਕੀ ਪੰਦਰਾਂ ਭਗਤ, ਜਿਨ੍ਹਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹੈ, ਉਹ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਏ ਸਨ, ਸਮਕਾਲੀ ਸਨ, ਜਾਂ ਗੁਰੂ ਨਾਨਕ ਸਾਹਿਬ ਤੋਂ ਬਾਅਦ ਹੋਏ ਸਨ?**

ਤਤਕਰਾ

# ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਤੇ ਗੁਰੂ ਅਰਜਨ ਸਾਹਿਬ ਦੇ ਨਾਂ ਨਾਲ ਦੇਵ ਦੀ ਵਰਤੋਂ ਗੁਰਬਾਣੀ ਅਨੁਸਾਰ ਪ੍ਰਵਾਨ ਨਹੀਂ ਹੈ

ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਦੇਵ ਲਫਜ਼ ਵਰਤਿਆ ਜਾਂਦਾ ਸੀ ਕਿ ਨਹੀਂ, ਇਸ ਬਾਰੇ ਸ਼ੰਕੇ ਉਸ ਤੋਂ ਬਾਅਦ ਆਰੰਭ ਹੋਏ, ਜਦੋਂ ਕਿ ਗੁਰੂ ਨਾਨਕ ਯੂਨੀਵਰਸਿਟੀ ਦਾ ਨਾਂ ਬਦਲ ਕੇ ਗੁਰੂ ਨਾਨਕ ਦੇਵ ਯੂਨੀਵਰਸਟੀ ਰੱਖਿਆ ਗਿਆ। ਇਤਿਹਾਸ ਦੇ ਪ੍ਰਮਾਣਾ ਤੇ ਇਤਬਾਰ ਕਰਨਾ ਮੁਸ਼ਕਲ ਹੈ, ਕਿਉਂਕਿ ਸਿੱਖ ਇਤਿਹਾਸ ਲਿਖਣ ਵਾਲੇ ਜਿਆਦਾ ਤਰ ਗੈਰ ਸਿੱਖ ਹੀ ਸਨ। ਜਿਨ੍ਹਾਂ ਦਾ ਹਮੇਸ਼ਾਂ ਗੁਰਬਾਣੀ ਵਿਚ ਹੋਰਨਾ ਮੱਤਾ ਨੂੰ ਘੁਸੇੜਨ ਦਾ ਮੰਤਵ ਹੀ ਰਿਹਾ ਹੈ। ਸਾਡੇ ਕੋਲ ਸਿਰਫ ਗੁਰੂ ਗਰੰਥ ਸਾਹਿਬ ਹੀ ਬਚ ਗਏ ਹਨ, ਜਿਨ੍ਹਾਂ ਵਿਚ ਕੋਈ ਮਿਲਾਵਟ ਨਹੀਂ ਕਰ ਸਕਿਆ ਹੈ। ਜੇ ਕਰ ਸਿੱਖ ਇਸੇ ਤਰ੍ਹਾਂ ਅਵੇਸਲੇ ਰਹੇ ਤਾਂ ਗੁਰੂ ਗਰੰਥ ਸਾਹਿਬ ਦੇ ਤੁਲ ਹੋਰ ਗਰੰਥ ਵੀ ਆ ਸਕਦਾ ਹੈ ਜਾਂ ਇਸ ਵਿਚ ਕਿਸੇ ਤਰ੍ਹਾਂ ਦੀ ਮਿਲਾਵਟ ਕਰਨ ਦੀ ਕੋਸ਼ਿਸ਼ ਹੋ ਸਕਦੀ ਹੈ। ਇਸ ਸਬੰਧੀ ਖਤਰੇ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ। ਗੁਰੂ ਗਰੰਥ ਸਾਹਿਬ ਦੇ ਤੁਲ ਬਚਿਤ੍ਰ ਨਾਟਕ ਨੂੰ ਸਥਾਪਤ ਕਰਨ ਦੇ ਉਪਰਾਲੇ ਬਾਹਰੀ ਤਾਕਤਾਂ ਬਹੁਤ ਸਮੇਂ ਤੋਂ ਅੰਦਰ ਖਾਤੇ ਮਨਸੂਬੇ ਬਣਾ ਰਹੀਆਂ ਹਨ। ਸਿੱਖਾਂ ਵਿਚ ਤਰ੍ਹਾਂ ਤਰ੍ਹਾਂ ਦੇ ਭੁਲੇਖੇ ਪਾਏ ਜਾ ਰਹੇ ਹਨ। ਤਾਂ ਜੋ ਉਹ ਗੁਰੂ ਗਰੰਥ ਸਾਹਿਬ ਤੋਂ ਦੂਰ ਹੋ ਜਾਣ। ਅੱਜਕਲ ਦੇ ਜਿਆਦਾ ਤਰ ਸਿੱਖ ਨਾਂ ਦੇ ਸਿੱਖ ਹੀ ਰਹਿ ਗਏ ਹਨ, ਕਿਉਂਕਿ ਕੋਈ ਵਿਰਲਾ ਹੀ ਗੁਰਬਾਣੀ ਨੂੰ ਪੜ੍ਹਨ, ਸਮਝਣ ਤੇ ਉਸ ਤੇ ਅਮਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਿਆਦਾ ਤਰ ਲੋਕ ਰਵਾਇਤਾਂ ਹੀ ਪੂਰੀਆਂ ਕਰਦੇ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬਾਂ ਨੇ ਕਦੇ ਵੀ ਪਰਵਾਨ ਨਹੀਂ ਕੀਤਾ ਹੈ। ਕੀ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਦੇਵ ਲਫਜ਼ ਵਰਤਿਆ ਜਾਂਦਾ ਸੀ ਕਿ ਨਹੀਂ, ਇਸ ਸਬੰਧੀ ਗੁਰੂ ਗਰੰਥ ਸਾਹਿਬ ਦੀ ਮਿਹਰ ਸਦਕਾ ਖੋਜ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ੨੬ ਸ਼ਬਦਾਂ ਵਿਚ ਗੁਰ ਨਾਨਕ ਤਾਂ ਆਇਆ ਹੈ, ਪਰੰਤੂ ਕਿਤੇ ਵੀ ਗੁਰ ਨਾਨਕ ਦੇਵ ਵਰਤੋਂ ਵਿਚ ਨਹੀਂ ਆਇਆ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਇਕ ਸ਼ਬਦ ਵਿਚ ਗੁਰ ਨਾਨਕੁ ਤਾਂ ਆਇਆ ਹੈ, ਪਰੰਤੂ, ਗੁਰ ਨਾਨਕੁ ਦੇਵ ਨਹੀਂ ਆਇਆ ਹੈ। ਨਾਨਕੁ ਦੇ ਕੱਕੇ ਦੇ ਪੈਰ ਵਿਚ ਔਂਕੜ ਇਸ ਗਲ ਦਾ ਪਰਤੀਕ ਹੈ, ਕਿ ਨਾਨਕ ਸਰੀਰ ਸਬੰਧੀ ਕਿਹਾ ਜਾ ਰਿਹਾ ਹੈ। ਇਥੇ ਵੀ ਦੇਵ ਦੀ ਵਰਤੋਂ ਨਹੀਂ ਕੀਤੀ ਗਈ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ੨੩ ਸ਼ਬਦਾਂ ਵਿਚ ਗੁਰੁ ਨਾਨਕ, ਗੁਰੁ ਨਾਨਕੁ, ਗੁਰੂ ਨਾਨਕ ਜਾਂ ਗੁਰੂ ਨਾਨਕੁ ਤਾਂ ਆਇਆ ਹੈ, ਪਰੰਤੂ, ਕਿਤੇ ਵੀ ਗੁਰੁ ਨਾਨਕ ਦੇਵ, ਗੁਰੁ ਨਾਨਕੁ ਦੇਵ, ਗੁਰੂ ਨਾਨਕੁ ਦੇਵ ਜਾਂ ਗੁਰੂ ਨਾਨਕੁ ਦੇਵ ਨਹੀਂ ਵਰਤਿਆ ਗਿਆ ਹੈ। ਇਨ੍ਹਾਂ ਸ਼ਬਦਾ ਵਿਚ ਗੁਰੁ, ਗੁਰੂ, ਨਾਨਕ ਅਤੇ ਨਾਨਕੁ ਦੀ ਵਰਤੋਂ ਕੀਤੀ ਗਈ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ੫ ਸ਼ਬਦਾ ਵਿਚ ਗੁਰਿ ਨਾਨਕ ਤਾਂ ਆਇਆ ਹੈ ਪਰੰਤੂ, ਕਿਤੇ ਵੀ ਗੁਰਿ ਨਾਨਕ ਦੇਵ ਨਹੀਂ ਆਇਆ ਹੈ। ਇਹ ਸਾਰੇ ਦੇ ਸਾਰੇ ੫੫ ਸ਼ਬਦ {੨੬+੧+੨੩+੫} ਇਹੀ ਸੰਕੇਤ ਦੇਂਦੇ ਹਨ ਕਿ ਗੂਰ ਨਾਨਕ ਸਾਹਿਬ ਦੇ ਨਾਂ ਨਾਲ ਦੇਵ ਲਫਜ਼ ਨਹੀਂ ਵਰਤਿਆ ਜਾਂਦਾ ਸੀ। ਸਮਾਂ ਪਾ ਕੇ ਇਸ ਦੀ ਵਰਤੋਂ ਦੀ ਰਵਾਇਤ ਪਾ ਦਿਤੀ ਗਈ ਹੈ।

ਗੁਰੂ ਗਰੰਥ ਸਾਹਿਬ ਵਿਚ ਸ਼ਬਦ ਨਾਨਕ ਦੇਵ ਸਿਰਫ ਤਿੰਨ ਵਾਰੀ ਆਇਆ ਹੈ ਤੇ ਇਹ ਨਾਨਕ ਮੁਕਤਾ ਨਾਲ ਹੀ ਅਇਆ ਹੈ, ਨਾਨਕੁ ਨਾਲ ਨਹੀਂ।, ਜਿਸ ਦਾ ਅਰਥ ਹੈ, ਹੇ ਨਾਨਕ। ਇਥੇ ਇਹ ਵੀ ਸਪੱਸ਼ਟ ਹੁੰਦਾਂ ਹੈ ਕਿ ਦੇਵ, ਗੁਰੂ ਨਾਨਕ ਸਾਹਿਬ ਲਈ ਨਹੀਂ ਵਰਤਿਆ ਗਿਆ ਹੈ। ਬਲਕਿ ਅਕਾਲ ਪੁਰਖੁ ਲਈ ਵਰਤਿਆ ਗਿਆ ਹੈ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਾਰੀ ਬਾਣੀ ਇਹੀ ਸੰਕੇਤ ਦੇਂਦੀ ਹੈ, ਕਿ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਦੇਵ ਲਫਜ਼ ਨਹੀਂ ਵਰਤਿਆ ਜਾਂਦਾ ਸੀ। ਇਸ ਲਈ ਇਕ ਸਿੱਖ ਦਾ ਫਰਜ਼ ਬਣ ਜਾਂਦਾ ਹੈ, ਕਿ ਉਹ ਗੁਰੂ ਗਰੰਥ ਸਾਹਿਬ ਅਨੁਸਾਰ ਦੱਸੇ ਹੋਏ ਮਾਰਗ ਤੇ ਚੱਲੇ। ਇਸ ਲਈ ਉਚਿਤ ਇਹੀ ਹੈ, ਕਿ ਅਸੀਂ ਨਾਨਕ ਨਾਂ ਦੀ ਵਰਤੋਂ ਹੀ ਕਰੀਏ। ਕਿਉਂਕਿ ਉਹ ਸਾਡੇ ਗੁਰੂ ਸਾਹਿਬ ਹਨ, ਇਸ ਲਈ ਆਰੰਭ ਵਿਚ **ਗੁਰੂ** ਸ਼ਬਦ ਦੀ ਵਰਤੋਂ ਹੋਣੀ ਚਾਹੀਦੀ ਹੈ। ਆਮ

ਵਿਅਕਤੀ ਦੇ ਨਾਂ ਨਾਲ, ਜੀ ਦੀ ਵਰਤੋਂ ਤਾਂ ਕੀਤੀ ਜਾਂਦੀ ਹੈ ਪਰੰਤੂ, ਸਾਹਿਬ ਦੀ ਨਹੀਂ। ਇਸ ਲਈ ਗੁਰੂ ਸਾਹਿਬ ਦੇ ਨਾਂ ਦੇ ਬਾਅਦ ਵਿਚ, ਜੀ ਦੀ ਬਜਾਏ ਸਾਹਿਬ ਦੀ ਵਰਤੋਂ ਕਰਨੀ ਹੀ ਉਚਿਤ ਹੈ। ਗੁਰੂ ਗਰੰਥ ਸਾਹਿਬ ਵਿਚ "ਸਾਹਿਬ" ਜਾਂ "ਜੀ" ਦੀ ਵਰਤੋਂ, ਵੱਖ ਵੱਖ ਥਾਂਵਾਂ ਤੇ ਤਾਂ ਕਈ ਵਾਰੀਂ ਕੀਤੀ ਗਈ ਹੈ, ਪਰੰਤੂ, "ਸਾਹਿਬ ਜੀ" ਦੀ ਵਰਤੋਂ ਇਕੱਠਾ ਕਿਤੇ ਵੀ ਨਹੀਂ ਕੀਤੀ ਗਈ ਹੈ। ਇਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਾਰੀ ਬਾਣੀ ਇਹੀ ਮਾਰਗ ਦਰਸ਼ਨ ਕਰਦੀ ਹੈ ਕਿ ਸਾਨੂੰ ਗੁਰੂ ਸਾਹਿਬ ਨੂੰ ਸੰਬੋਧਨ ਕਰਨ ਲਈ ਸਤਿਕਾਰ ਨਾਲ ਗੁਰੂ ਨਾਨਕ ਸਾਹਿਬ ਹੀ ਕਹਿਣਾ ਚਾਹੀਦਾ ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਗੁਰੂ ਨਾਨਕ ਸਾਹਿਬ ਦਾ ੩੮ ਵਾਰੀ ਜਿਕਰ ਆਇਆ ਹੈ ਪਰੰਤੂ, ਕਦੇ ਵੀ ਦੇਵ ਦੀ ਵਰਤੋਂ ਨਹੀਂ ਕੀਤੀ ਗਈ ਹੈ। ਨਾਨਕ ਜੋਤਿ ਨੂੰ ਅਕਾਲ ਪੁਰਖੁ ਦਾ ਰੂਪ ਦੱਸਣ ਲਈ ਭਾਈ ਗੁਰਦਾਸ ਜੀ ਨੇ ਆਪਣੀਆਂ ਕੁਝ ਵਾਰਾਂ ਵਿਚ ਨਾਨਕ ਦੇਉ ਦੀ ਵਰਤੋਂ ਕੀਤੀ ਹੈ। ਜਿਸ ਦਾ ਭਾਵ **"ਗੁਰ ਨਾਨਕ ਦੇਵ ਗੋਵਿੰਦ ਰੂਪ"** ਹੈ।

ਭਾਈ ਗੁਰਦਾਸ ਜੀ ਦੇ ਕਬਿਤਾਂ ਵਿਚ ਵੀ ਗੁਰੂ ਨਾਨਕ ਸਾਹਿਬ ਦਾ ੩ ਵਾਰੀ ਜਿਕਰ ਆਇਆ ਹੈ। ਇਕ ਕਬਿਤ ਵਿਚ ਤਾਂ ਦੇਵਤਾ ਰੂਪ ਪਾਰਬ੍ਰਹਮ ਪੂਰਨ ਬ੍ਰਹਮ ਗਿਆਨੀ ਦਾ ਜਿਕਰ ਹੈ। ਜਿਸ ਦਾ ਭਾਵ, ਵਾਰਾਂ ਦੀ ਤਰ੍ਹਾਂ, **"ਗੁਰ ਨਾਨਕ ਦੇਵ ਗੋਵਿੰਦ ਰੂਪ"** ਹੀ ਹੈ। ਦੋ ਕਬਿਤਾਂ ਵਿਚ ਭਾਵੇ ਦੇਵਤਾ ਰੂਪ ਪਾਰਬ੍ਰਹਮ ਪੂਰਨ ਬ੍ਰਹਮ ਗਿਆਨੀ ਦਾ ਹੀ ਜਿਕਰ ਹੈ, ਪਰੰਤੂ, ਇਨ੍ਹਾਂ ਵਿਚ ਨਾਨਕਦੇਵ ਇਕੋ ਸ਼ਬਦ ਹੈ। ਜੇ ਕਰ ਨਾਨਕਦੇਵ ਇਕੱਠਾ ਸ਼ਬਦ ਨਾਂ ਲਈ ਸਹੀ ਹੁੰਦਾਂ ਤਾਂ ਹਰੇਕ ਵਾਰ ਵਿਚ ਨਾਨਕਦੇਵ ਸ਼ਬਦ ਦੀ ਵਰਤੋਂ ਹੋਣੀ ਚਾਹੀਦੀ ਸੀ। ਪਰੰਤੂ ੩੮ ਵਾਰਾਂ ਵਿਚ ਕਿਸੇ ਇਕ ਵਿਚ ਵੀ ਨਾਨਕਦੇਵ ਦੀ ਵਰਤੋਂ ਨਹੀਂ ਕੀਤੀ ਗਈ ਹੈ। ਕਿਸੇ ਵਿਅਕਤੀ ਦਾ ਅਧੂਰਾ ਨਾਂ ਲਿਖਣਾ ਉਚਿਤ ਨਹੀਂ ਹੈ ਤੇ ਖ਼ਾਸ ਕਰ ਉਹ ਵੀ ਗੁਰੂ ਨਾਨਕ ਸਾਹਿਬ ਸਬੰਧੀ। ਅਜੇਹੀ ਗਲਤੀ ਭਾਈ ਗੁਰਦਾਸ ਜੀ ਵਰਗੀ ਮਹਾਨ ਸ਼ਕਸ਼ੀਅਤ ਨਹੀਂ ਕਰ ਸਕਦੀ ਹੈ। ਵੈਸੇ ਇਨ੍ਹਾਂ ਦੋਹਾਂ ਕਬਿਤਾਂ ਦਾ ਮੰਤਵ ਵੀ **"ਗੁਰ ਨਾਨਕ ਦੇਵ ਗੋਵਿੰਦ ਰੂਪ"** ਸਾਬਤ ਕਰਨਾ ਹੀ ਹੈ।

ਇਹ ਸਭ ਪ੍ਰਮਾਣ ਇਹੀ ਮਾਰਗ ਦੱਸਦੇ ਹਨ ਕਿ **ਗੁਰੂ ਨਾਨਕ ਸਾਹਿਬ** ਨਾਂ ਹੀ ਉਚਿਤ ਹੈ, ਤੇ ਨਾਨਕ ਦੇਵ ਸਬੰਧੀ ਕੋਈ ਠੋਸ ਸਬੂਤ ਨਹੀਂ ਹੈ। ਹੋ ਸਕਦਾ ਹੈ, ਦੂਸਰੇ ਮਤ ਵਾਲਿਆਂ ਨੇ ਗੁਰੂ ਨਾਨਕ ਸਾਹਿਬ ਨੂੰ ਆਪਣਾ ਇਕ ਦੇਵਤਾ ਸਾਬਤ ਕਰਨ ਲਈ ਪਰਚਲਿਤ ਕਰ ਦਿਤਾ ਹੋਵੇ। ਇਸ ਲਈ ਸੁਚੇਤ ਹੋਣ ਦੀ ਲੋੜ ਹੈ। ਇਸ ਲਈ ਹਰੇਕ ਸਿੱਖ ਲਈ ਗੁਰੂ ਸਾਹਿਬ ਨੂੰ ਸੰਬੋਧਨ ਕਰਨ ਸਮੇਂ ਸਤਿਕਾਰ ਨਾਲ ਗੁਰੂ ਨਾਨਕ ਸਾਹਿਬ ਹੀ ਉਚਾਰਨਾ ਚਾਹੀਦਾ ਹੈ।

ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਦਾ ਨਾਂ ਗੁਰੂ ਨਾਨਕ ਦੇਵ ਕਰਕੇ ਪਰਚਲਿਤ ਕੀਤਾ ਗਿਆ ਹੈ, ਠੀਕ ਉਸੇ ਤਰ੍ਹਾਂ ਗੁਰੂ ਅੰਗਦ ਸਾਹਿਬ ਦਾ ਨਾਂ ਵੀ ਗੁਰੂ ਅੰਗਦ ਦੇਵ ਕਰਕੇ ਪਰਚਲਿਤ ਕੀਤਾ ਗਿਆ ਹੈ। ਇਸ ਦੀ ਸਪੱਸ਼ਟਤਾ ਗੁਰੂ ਗਰੰਥ ਸਾਹਿਬ ਵਿਚ ਅੰਕਿਤ ੧੫ ਸ਼ਬਦ ਸਪੱਸ਼ਟ ਕਰਦੇ ਹਨ, ਕਿ ਗੁਰੂ ਗਰੰਥ ਸਾਹਿਬ ਵਿਚ ਗੁਰੂ ਅੰਗਦ ਸਾਹਿਬ ਦਾ ਨਾਂ ਕਦੇ ਵੀ ਗੁਰੂ ਅੰਗਦ ਦੇਵ ਕਰਕੇ ਨਹੀਂ ਆਇਆ ਹੈ।

ਭਾਈ ਗੁਰਦਾਸ ਜੀ ਦੀਆਂ ੧੭ ਵਾਰਾਂ ਵਿਚ ਵੀ ਗੁਰੂ ਅੰਗਦ ਸਾਹਿਬ ਦਾ ਜਿਕਰ ਆਇਆ ਹੈ ਪਰੰਤੂ, ਕਦੇ ਵੀ ਦੇਵ ਦੀ ਵਰਤੋਂ ਨਹੀਂ ਕੀਤੀ ਗਈ ਹੈ। ਭਾਈ ਗੁਰਦਾਸ ਜੀ ਦੇ ਇਕ ਕਬਿਤ ਵਿਚ ਵੀ ਗੁਰੂ ਅੰਗਦ ਸਾਹਿਬ ਦਾ ਜਿਕਰ ਆਇਆ ਹੈ ਤੇ ਉਸ ਵਿਚ ਵੀ ਦੇਵ ਦੀ ਵਰਤੋਂ ਨਹੀਂ ਕੀਤੀ ਗਈ ਹੈ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿਤ ਸਪੱਸ਼ਟ ਤੌਰ ਤੇ ਨਿਰਣਾ ਕਰ ਦੇਂਦੇ ਹਨ, ਕਿ ਗੁਰੂ ਅੰਗਦ ਸਾਹਿਬ ਦਾ ਨਾਂ, ਕਦੇ ਵੀ ਗੁਰੂ ਅੰਗਦ ਦੇਵ ਕਰਕੇ ਵਰਤੋਂ ਵਿਚ ਨਹੀਂ ਸੀ। ਇਹ ਬਾਅਦ ਵਿਚ ਪਰਚਲਿਤ ਕੀਤਾ ਗਿਆ ਹੈ। ਇਸ ਲਈ ਇਕ ਸਿੱਖ ਦਾ ਫਰਜ਼ ਬਣ ਜਾਂਦਾ ਹੈ, ਕਿ ਉਹ ਗੁਰੂ ਸਾਹਿਬ ਨੂੰ ਹਮੇਸ਼ਾਂ **ਗੁਰੂ ਅੰਗਦ ਸਾਹਿਬ** ਕਰਕੇ ਹੀ ਸੰਬੋਧਤ ਕਰੇ।

ਜੇ ਕਰ ਨਾਂ ਦੇ ਨਾਲ ਪਹਿਲਾਂ ਹੀ ਦਾਸ ਹੋਵੇ ਤਾਂ ਉਸ ਦੇ ਨਾਲ ਦਾਸ ਦੇਵ ਲਾ ਕੇ ਪਰਚੱਲਤ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਸੇ ਲਈ ਕਿਸੇ ਨੇ ਵੀ ਗੁਰੂ ਅਮਰਦਾਸ ਸਾਹਿਬ ਤੇ ਗੁਰੂ ਰਾਮਦਾਸ ਸਾਹਿਬ ਦਾ ਨਾਂ ਨਾਲ ਦੇਵ ਲਗਾ ਕੇ ਬਦਲਣ ਦੀ ਕੋਸ਼ਿਸ ਨਹੀਂ ਕੀਤੀ।

ਠੀਕ ਇਸੇ ਤਰ੍ਹਾਂ, ਕਿਉਂਕਿ ਗੁਰੂ ਅਰਜਨ ਸਾਹਿਬ ਦੇ ਨਾਂ ਨਾਲ ਦਾਸ ਆਦਿ ਨਹੀਂ ਸੀ, ਇਸ ਲਈ ਉਨ੍ਹਾਂ ਦੇ ਨਾਂ ਨਾਲ ਵੀ ਦੇਵ ਲਾਉਂਣਾ ਪਰਚੱਲਤ ਕਰ ਦਿਤਾ ਗਿਆ। ਭਾਈ ਬਲਵੰਡਿ ਅਤੇ ਸਤੈ ਨੇ ਆਪਣੀ ਵਾਰ ਵਿਚ ਅਰਜਨ ਨਾਂ ਵਰਤਿਆ ਹੈ ਅਤੇ ਉਸ ਨਾਲ ਦੇਵ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਹੈ।

ਭੱਟਾਂ ਨੇ ਆਪਣੀ ਰਚਨਾ {੧੯ ਸ਼ਬਦਾਂ} ਵਿਚ ਅਰਜੁਨ ਵਰਤਿਆ ਹੈ ਅਤੇ ਉਸ ਨਾਲ ਦੇਵ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਹੈ। ਭੱਟਾਂ ਨੇ ਆਪਣੀ ਰਚਨਾ ਵਿਚ ਸਿਰਫ ਇਕ ਵਾਰੀ ਅਰਜੁਨ ਦੇਵ ਵਰਤਿਆ ਹੈ ਅਤੇ ਉਨ੍ਹਾਂ ਦਾ ਮੰਤਵ ਗੁਰੂ ਅਰਜਨ ਸਾਹਿਬ ਨੂੰ ਇਕ ਅਵਤਾਰ ਜਾਂ ਦੇਵਤੇ, ਭਾਵ ਗੁਰੂ ਜਾਂ ਗੁਰਮੁਖਿ ਦੇ ਰੂਪ ਵਿਚ ਪੇਸ਼ ਕਰਨਾ ਹੈ, ਜਿਨ੍ਹਾਂ ਸਦਕਾ ਭੱਟਾਂ ਦੇ ਜੀਵਨ ਪ੍ਰਕਾਸ਼ ਆਇਆ। ਇਥੇ ਵੀ ਗੁਰੂ ਅਰਜਨ ਸਾਹਿਬ ਨੂੰ **"ਗੁਰ ਨਾਨਕ ਦੇਵ ਗੋਵਿੰਦ ਰੂਪ"** ਸਾਬਤ ਕਰਨ ਦਾ ਮੰਤਵ ਹੀ ਹੈ।

ਬਾਕੀ ਦੇ ਗੁਰੂ ਸਾਹਿਬਾਂ ਦੇ ਨਾਂ ਨਾਲ ਪਹਿਲਾਂ ਹੀ ਗੋਬਿੰਦ {ਗੁਰੂ ਹਰਿਗੋਬਿੰਦ ਸਾਹਿਬ}, ਰਾਏ {ਗੁਰੂ ਹਰਿਰਾਏ ਸਾਹਿਬ}, ਕਿਸ਼ਨ {ਗੁਰੂ ਹਰਿਕਿਸ਼ਨ ਸਾਹਿਬ}, ਬਹਾਦਰ {ਗੁਰੂ ਤੇਗ ਬਹਾਦਰ ਸਾਹਿਬ}, ਸਿੰਘ {ਗੁਰੂ ਗੋਬਿੰਦ ਸਿੰਘ ਸਾਹਿਬ} ਸੀ। ਇਸ ਲਈ ਉਸ ਦੇ ਨਾਲ ਦੇਵ ਲਾ ਕੇ ਪਰਚਲਤ ਕਰਨਾ ਅਸੰਭਵ ਸੀ। ਜਿਸ ਕਰਕੇ ਦੇਵ ਲਗਾ ਕੇ ਬਦਲਣ ਦੀ ਕੋਸ਼ਿਸ ਨਹੀਂ ਕੀਤੀ ਗਈ।

ਆਮ ਵਿਅਕਤੀ ਦੇ ਨਾਂ ਦਾ ਜੇ ਕਰ ਇਕ ਅੱਖਰ {ਸਪੈਲਿੰਗ} ਵੀ ਬਦਲ ਦਿਤਾ ਜਾਵੇ ਤਾਂ ਉਹ ਬਹੁਤ ਬੁਰਾ ਮਨਾਉਂਦਾ ਹੈ। ਅਸੀਂ ਤਾਂ ਪੂਰੇ ਨਾਂ ਵਿਚ ਹੀ ਤਬਦੀਲੀ ਕਰੀ ਜਾ ਰਹੇ ਹਾਂ। ਜੇ ਕਰ ਕੋਈ ਦੂਸਰੇ ਆ ਕੇ ਸਾਡੇ ਧਰਮ ਵਿਚ ਬਦਲਾਵ ਕਰਨ ਦੀ ਕੋਸ਼ਿਸ਼ ਕਰਦੇ ਹਨ, ਤਾਂ ਵੀ ਅਸੀਂ ਸੁਤੇ ਹੀ ਰਹਿੰਦੇ ਹਾਂ। ਗੁਰੂ ਸਾਹਿਬ ਤਾਂ ਹਮੇਸ਼ਾਂ ਜਾਗਦੇ ਤੇ ਸੁਚੇਤ ਰਹਿਣ ਲਈ ਸਿਖਿਆ ਦੇਂਦੇ ਹਨ।

**ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥ ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥ {੩੪}**

ਅਜੇਹਾ ਨਾ ਹੋਵੇ ਕਿ ਅਸੀਂ ਸੁਤੇ ਹੀ ਰਹਿ ਜਾਈਏ। ਸਾਡੇ ਇਤਿਹਾਸ ਵਿਚ ਪਹਿਲਾਂ ਹੀ ਬਹੁਤ ਸਾਰੀ ਮਿਲਾਵਟ ਹੋ ਚੁਕੀ ਹੈ। ਕਿਉਂਕਿ ਸਿੱਖ ਇਤਿਹਾਸ ਲਿਖਣ ਵਾਲੇ ਸਿੱਖ ਨਹੀਂ ਸਨ। ਜੇ ਕਰ ਸਿੱਖ ਇਤਿਹਾਸ ਬਣਾ ਸਕਦੇ ਹਨ, ਤਾਂ ਉਤਨਾਂ ਹੀ ਜਰੂਰੀ ਹੋ ਜਾਂਦਾ ਹੈ ਕਿ ਸਿੱਖ ਆਪਣਾ ਇਤਿਹਾਸ ਆਪ ਪੜ੍ਹਨ ਤੇ ਆਪ ਹੀ ਲਿਖਣ। ਗੁਰੂ ਸਾਹਿਬ ਤਾਂ ਸਾਨੂੰ ਰੋਜਾਨਾ ਆਸਾ ਕੀ ਵਾਰ ਦੇ ਕੀਰਤਨ ਵਿਚ ਇਹੀ ਸਿਖਿਆ ਦੇਂਦੇ ਹਨ।

**"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ {੪੭੪}"**

ਇਹ ਸੱਭ ਪ੍ਰਮਾਣ ਇਹੀ ਮਾਰਗ ਦੱਸਦੇ ਹਨ ਕਿ ਸਾਨੂੰ ਹਰੇਕ ਕਾਰਜ ਸੁਚੇਤ ਰਹਿ ਕੇ ਅਤੇ ਗੁਰੂ ਗਰੰਥ ਸਾਹਿਬ ਵਿਚੋਂ ਪੂਰੀ ਤਰ੍ਹਾਂ ਖੋਜ ਕਰਕੇ ਕਰਨਾ ਚਾਹੀਦਾ ਹੈ। ਸਾਡੇ ਕੋਲ ਸਿਰਫ ਗੁਰੂ ਗਰੰਥ ਸਾਹਿਬ ਹੀ ਸਹੀ ਰੂਪ ਵਿਚ ਬਚੇ ਹਨ। ਇਸ ਲਈ ਹਰੇਕ ਸਿੱਖ ਦਾ ਫਰਜ਼ ਬਣ ਜਾਂਦਾ ਹੈ, ਕਿ ਇਸ ਵਿਚ ਕਿਸੇ ਤਰ੍ਹਾਂ ਦੀ ਮਿਲਾਵਟ ਨਾ ਹੋਣ ਦੇਵੇ। ਕੱਚੀ ਬਾਣੀ ਤੋ ਦੂਰ ਰਹੋ, ਸੱਚੀ ਬਾਣੀ ਪੜ੍ਹੋ ਤੇ ਉਸ ਅਨੁਸਾਰ ਜੀਵਨ ਨੂੰ ਢਾਲੋ। ਆਪ ਸੱਚ ਨਾਲ ਜੁੜੋ ਤੇ ਦੂਸਰਿਆਂ ਨੂੰ ਸਹੀ ਜੀਵਨ ਜਾਚ ਲਈ ਪ੍ਰੇਰਨਾ ਕਰੋ।

**"ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥ {੩੦੫}"**

ਇਸ ਲਈ ਗੁਰੂ ਸਾਹਿਬਾਂ ਨੂੰ ਸੰਬੋਧਨ ਕਰਨ ਸਮੇਂ ਸਤਿਕਾਰ ਨਾਲ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਏ ਸਾਹਿਬ, ਗੁਰੂ ਹਰਿਕਿਸ਼ਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਹੀ ਵਰਤਣਾ ਚਾਹੀਦਾ ਹੈ।

ਇਤਿਹਾਸ ਇਕ ਕੁਦਰਤ ਦੀ ਉਹ ਸਚਾਈ ਹੈ। ਜਿਸ ਨੂੰ ਅਸੀਂ ਵੇਖ ਸਕਦੇ ਹਾਂ, ਸੁਣ ਸਕਦੇ ਹਾਂ, ਤੇ ਜੀਵਨ ਦੀ ਸੇਧ ਲਈ ਵਰਤ ਸਕਦੇ ਹਾਂ। ਪਰੰਤੂ, ਉਹ ਤਾਂ ਹੀ ਸੰਭਵ ਹੈ, ਜੇ ਕਰ ਸਹੀ ਇਤਿਹਾਸ ਨੂੰ ਜਾਣਿਆ ਤੇ ਸਮਝਿਆ ਜਾਵੇ, ਨਹੀਂ ਤਾਂ ਸੱਚ ਦੇ ਮਾਰਗ ਦਾ, ਨਾ ਤਾਂ ਪਤਾ ਲੱਗੇਗਾ ਤੇ ਨਾ ਹੀ ਉਸ ਉਪਰ ਚਲ ਸਕਾਂਗੇ। ਇਹ ਤਾਂ ਹੀ ਸੰਭਵ ਹੈ ਜੇ ਕਰ ਹੇਠ ਲਿਖੇ ਸਲੋਕ ਨੂੰ ਸਮਝੀਏ ਤੇ ਆਪਣੇ ਜੀਵਨ ਵਿਚ ਅਪਨਾਈਏ।

**ਮਃ ੧ ॥ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ ੨ ॥ {੪੬੮}**

ਤਤਕਰਾ

## ਗੁਰੂ ਨਾਨਕ ਸਾਹਿਬ ਨੂੰ ਤਾਂ ੧੦੦ ਤੋਂ ਵੱਧ ਭਾਸ਼ਾਵਾਂ ਤੇ ਬਹੁਤ ਸਾਰੇ ਵਿਸ਼ਿਆਂ ਬਾਰੇ ਗਿਆਨ ਸੀ, ਸਾਨੂੰ ਕਿਨਾਂ ਕੁ ਹੈ?

ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਨੂੰ ਸਹੀ ਰਸਤੇ ਤੇ ਪਾਉਂਣ ਲਈ, ਆਪਣੀਆਂ ੫ ਉਦਾਸੀਆਂ ਵਿਚ ਬਹੁਤ ਸਾਰੀਆਂ ਥਾਂਵਾਂ ਤੇ ਗਏ ਅਤੇ ਲੋਕਾਂ ਨੂੰ ਅਕਾਲ ਪੁਰਖੁ ਦੇ ਗੁਣਾਂ ਨੂੰ ਅਪਨਾ ਕੇ ਆਪਣਾ ਮਨੁੱਖਾ ਜੀਵਨ ਸਫਲ ਕਰਨ ਲਈ ਮਾਰਗ ਦਰਸ਼ਨ ਕੀਤਾ। ਗੁਰੂ ਨਾਨਕ ਸਾਹਿਬ ਆਮ ਲੋਕਾਂ ਤੇ ਵੱਖ ਵੱਖ ਫਿਰਕਿਆਂ ਜਾਂ ਮਜ਼ਬਾਂ ਦੇ ਆਗੂਆਂ ਨੂੰ ਮਿਲਦੇ ਤੇ ਅਕਾਲ ਪੁਰਖੁ ਨੂੰ ਪਾਉਂਣ ਦਾ ਸਰਲ ਤੇ ਸਪੱਸ਼ਟ ਤਰੀਕਾ ਸਮਝਾਉਂਦੇ। ਜੇਕਰ ਕਿਸੇ ਵੀ ਦੂਸਰੇ ਮਨੁੱਖ ਨਾਲ ਕੋਈ ਗੱਲਬਾਤ ਕਰਨੀ ਹੋਵੇ ਤਾਂ ਉਸ ਦੀ ਵਿਚਾਰਧਾਰਾ ਤੇ ਭਾਸ਼ਾ ਦਾ ਗਿਆਨ ਹੋਣਾ ਬਹੁਤ ਜਰੂਰੀ ਹੈ। ਇਸ ਲਈ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਜਿਥੇ ਵੀ ਜਾਂਦੇ ਹੋਣਗੇ, ਪਹਿਲਾਂ ਉਥੋਂ ਦੇ ਲੋਕਾਂ ਤੇ ਹੋਰ ਹੋਰ ਤਰ੍ਹਾਂ ਦੇ ਫਿਰਕਿਆਂ ਦੀਆਂ ਭਾਸ਼ਾਂਵਾਂ ਤੇ ਉਨ੍ਹਾਂ ਦੀਆਂ ਰਵਾਇਤਾਂ ਬਾਰੇ ਗਿਆਨ ਤੇ ਪੂਰੀ ਜਾਣਕਾਰੀ ਹਾਸਲ ਕਰਦੇ ਹੋਣਗੇ, ਜਿਸ ਸਦਕਾ ਉਹ ਮਨੁੱਖਤਾ ਨੂੰ ਜੀਵਨ ਦਾ ਸਹੀ ਮਾਰਗ ਸਮਝਾਉਂਣ ਵਿਚ ਸਫਲ ਹੋਏ।

ਗੁਰੂ ਨਾਨਕ ਸਾਹਿਬ ਆਪਣੇ ਸਾਥੀ ਭਾਈ ਮਰਦਾਨਾ ਜੀ ਨਾਲ ਚਾਰੇ ਦਿਸ਼ਾਵਾਂ ਵਿਚ ਸਫਰ ਕੀਤਾ ਜੋ ਕਿ ੨੮,੦੦੦ ਕਿਲੋਮੀਟਰ ਦੇ ਕਰੀਬ ਬਣਦਾ ਹੈ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਬੋਲੀ ੧੨ ਕੋਹਾਂ ਤੇ ਬਦਲ ਜਾਂਦੀ ਹੈ। ਜੇ ਕਰ ੧੨ ਕੋਹਾਂ ਦੀ ਬਜਾਏ ੧੦੦ ਕਿਲੋਮੀਟਰ ਵੀ ਲਿਆ ਜਾਵੇ ਤਾਂ ਹਿਸਾਬ ਮੁਤਾਬਕ ਗੁਰੂ ਨਾਨਕ ਸਾਹਿਬ ਨੂੰ ੨੮੦ ਤੋਂ ਵੱਧ ਭਾਸ਼ਾਵਾਂ ਦਾ ਗਿਆਨ ਸੀ।

ਗੁਰੂ ਨਾਨਕ ਸਾਹਿਬ ਨੇ ਆਪਣੀ ਸਾਰੀਆਂ ਉਦਾਸੀਆਂ ਦੇ ਦੌਰਾਨ ਹੁਣ ਦੇ ਭਾਰਤ ਦੀਆਂ ਲੱਗਭੱਗ ਸਾਰੀਆਂ ਸਟੇਟਾਂ ਵਿਚ ਗਏ। ਜਿਸ ਤਰ੍ਹਾਂ ਕਿ ਪੰਜਾਬ, ਹਰਿਆਨਾ, ਹਿਮਾਚਲ ਪ੍ਰਦੇਸ, ਦਿੱਲੀ, ਉੱਤਰਾਖੰਡ, ਉੱਤਰ ਪ੍ਰਦੇਸ, ਬਿਹਾਰ, ਬੰਗਾਲ, ਆਸਾਮ, ਰਾਜਿਸਥਾਨ, ਮੱਧਪ੍ਰਦੇਸ਼, ਛਤੀਸਗੜ੍ਹ, ਗੁਜਰਾਤ, ਮਹਾਰਾਸ਼ਟਰਾ, ਆਂਧਰਾ ਪ੍ਰਦੇਸ਼, ਉੜੀਸਾ, ਕਰਨਾਟਕਾ, ਕੇਰਲਾ, ਤਾਮਿਲਨਾਡੂ, ਆਦਿ। ਪੰਜਾਬ ਨੂੰ ਆਮ ਤੌਰ ਤੇ ਚਾਰ ਹਿਸਿਆਂ ਵਿਚ ਵੰਡਿਆ ਜਾਂਦਾ

ਹੈ, ਮਾਝਾ, ਦੁਆਬਾ, ਮਾਲਵਾ ਤੇ ਝਨਾਬ। ਜੇ ਕਰ ਪੰਜਾਬ ਦੀਆਂ ੪ ਭਾਸ਼ਾਵਾਂ ਗਿਣ ਲਈਆਂ ਜਾਣ ਤਾਂ ਭਾਰਤ ਦੀਆਂ ੧੯ ਸਟੇਟਾਂ ਅਨੁਸਾਰ ਲੱਗਭੱਗ ੭੬ {=੧੯*੪} ਭਾਸ਼ਾਵਾਂ ਦੀ ਗਿਣਤੀ ਬਣਦੀ ਹੈ।

ਗੁਰੂ ਨਾਨਕ ਸਾਹਿਬ ਆਪਣੀਆਂ ਉਦਾਸੀਆਂ ਦੇ ਦੌਰਾਨ ਪਾਕਿਸਤਾਨ, ਸ੍ਰੀ ਲੰਕਾ, ਨੈਪਾਲ, ਸਿਕਮ, ਤਿੱਬਤ, ਬੰਗਲਾਦੇਸ, ਚੀਨ, ਅਫਗਾਨਿਸਤਾਨ, ਈਰਾਨ, ਈਰਾਕ, ਕੁਵੈਤ, ਟਰਕੀ, ਸਾਊਦੀ ਅਰੇਬੀਆਂ, ਆਦਿ ਦੇਸ਼ਾਂ ਵਿਚ ਗਏ। ਇਨ੍ਹਾਂ ਵੱਖ ਵੱਖ ਦੇਸ਼ਾਂ ਵਿਚ ਅੱਜਕਲ ਦੇ ਸਮੇਂ ਵਿਚ ਲਗਭਗ ੯੧ ਦੇ ਕਰੀਬ ਜਿਆਦਾ ਬੋਲਣ ਵਾਲੀਆਂ ਭਾਸ਼ਾਵਾ ਹਨ। ਇਨ੍ਹਾਂ ਸਾਰੇ ਦੇਸ਼ਾਂ ਵਿਚ ਜਿਆਦਾ ਤਰ ਬੋਲਣ ਵਾਲੀਆਂ ਭਾਸ਼ਾਵਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਘੱਟ ਬੋਲਣ ਵਾਲੀਆਂ ਭਾਸ਼ਾਵਾਂ ਵੀ ਹਨ, ਜਿਨ੍ਹਾਂ ਦੀ ਗਿਣਤੀ ਬਹੁਤ ਹੈ। ਹੋ ਸਕਦਾ ਹੈ ਕਿ ਗੁਰੂ ਸਾਹਿਬ ਇਨ੍ਹਾਂ ਦੇਸ਼ਾ ਦੇ ਸਾਰੇ ਇਲਾਕਿਆਂ ਵਿਚ ਨਹੀਂ ਗਏ ਹੋਣਗੇ ਤੇ ਖਾਸ ਖਾਸ ਇਲਾਕਿਆਂ ਵਿਚੋਂ ਹੀ ਗੁਜਰੇ ਹੋਣਗੇ। ਉਨ੍ਹਾਂ ਸਮਿਆਂ ਵਿਚ ਸੰਚਾਰ ਤੇ ਅਵਾਜਾਈ ਦੇ ਸਾਧਨ ਬਹੁਤ ਘੱਟ ਸਨ, ਇਸ ਲਈ ਜਿਆਦਾ ਤਰ ਇਲਾਕਿਆਂ ਵਿਚ ਭਾਸ਼ਾਵਾਂ ਦੀ ਆਪਸੀ ਸਾਂਝ ਬਹੁਤ ਘੱਟ ਹੋਵੇਗੀ। ਜੇ ਕਰ ਇਨ੍ਹਾਂ ਦੇਸ਼ਾਂ ਦੀਆਂ ਜਿਆਦਾ ਬੋਲਣ ਵਾਲੀਆਂ ਭਾਸ਼ਾਵਾਂ ਦੀ ਗਿਣਤੀ ਹੀ ਲਈ ਜਾਵੇ ਤਾਂ ੧੩ ਦੇਸ਼ਾਂ ਅਨੁਸਾਰ ਲੱਗਭੱਗ ੯੧ ਭਾਸ਼ਾਵਾਂ ਦੀ ਗਿਣਤੀ ਬਣਦੀ ਹੈ। ਫਿਰ ਕੁਲ ਭਾਰਤ ਤੇ ਹੋਰ ਦੇਸ਼ਾਂ ਦੀਆਂ ਭਾਸ਼ਾਵਾਂ ਦੀ ਗਿਣਤੀ ਲਗਭਗ ੧੬੭ {੭੬+੯੧} ਦੇ ਕਰੀਬ ਬਣ ਜਾਂਦੀ ਹੈ। ਇਨ੍ਹਾਂ ਸਾਰੇ ਇਲਾਕਿਆਂ ਦੀਆਂ ਭਾਸ਼ਾਵਾਂ ਦੀ ਕੁਲ ਗਿਣਤੀ ਤੇ ਗੁਰੂ ਗਰੰਥ ਸਾਹਿਬ ਵਿਚ ਅਨੇਕਾਂ ਭਾਸ਼ਾਵਾਂ ਦੇ ਵਰਤੇ ਗਏ ਸਬਦ ਇਹੀ ਸਾਬਤ ਕਰਦੇ ਹਨ, ਕਿ ਗੁਰੂ ਨਾਨਕ ਸਾਹਿਬ ਨੂੰ ੧੦੦ ਤੋਂ ਵੱਧ ਭਾਸ਼ਾਵਾਂ ਬਾਰੇ ਡੂੰਘਾ ਗਿਆਨ ਤੇ ਜਾਣਕਾਰੀ ਸੀ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਸਾਬਤ ਕਰਦੀ ਹੈ, ਕਿ ਗੁਰੂ ਨਾਨਕ ਸਾਹਿਬ ਨੂੰ ਜਿਥੇ ੧੦੦ ਤੋਂ ਵੱਧ ਭਾਸ਼ਾਵਾ ਦਾ ਗਿਆਨ ਸੀ, ਉਥੇ ਰੋਜਾਨਾ ਜੀਵਨ ਦੀ ਸਿਖਿਆ ਤੋ ਇਲਾਵਾ, ਹੋਰ ਬਹੁਤ ਸਾਰੇ ਵਿਸ਼ਿਆਂ ਸਬੰਧੀ ਡੂੰਘੀ ਜਾਣਕਾਰੀ ਸੀ, ਜਿਸ ਤਰ੍ਹਾਂ ਕਿ ਭੌਤਿਕ ਵਿਗਿਆਨ {Physics}, ਰਸਾਨਿਕ ਵਿਗਿਆਨ {Chemistry}, ਭੂਗੋਲ ਵਿਗਿਆਨ {Geography}, ਆਕਾਸ਼ ਮੰਡਲ {Astronomy}, ਜੀਵ ਵਿਗਿਆਨ {Biology}, ਬਨਸਪਤੀ ਵਿਗਿਆਨ {Botany}, ਮਨੋਵਿਗਿਆਨ {Psychology}, ਆਦਿ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਤਾਂ ਆਪਣੇ ਆਪ ਵਿਚ ਇਕ ਪ੍ਰਮਾਣ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਗੁਰਮੁੱਖੀ ਲਿਪੀ ਤੇ ਉਸ ਦੇ ਅੰਦਰ ਦੀ ਵਿਆਕਰਨ ਬਾਰੇ ਨਿੰਪੁਨਤਾ ਸੀ। ਗੁਰੂ ਗਰੰਥ ਸਾਹਿਬ ਵਿਚ ਸਮਾਜਿਕ, ਰਾਜਨੀਤਕ, ਗ੍ਰਹਿ ਵਿਗਿਆਨ, ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਕਮਿਸਟਰੀ, ਫਿਜ਼ਿਕਸ, ਭੂਮੰਡਲ, ਅਕਾਸ਼ ਮੰਡਲ, ਮਨੋਵਿਗਿਆਨ, ਆਦਿ ਸੱਭ ਤਰ੍ਹਾਂ ਦੇ ਵਿਸ਼ਿਆ ਸਬੰਧੀ ਡੂੰਘੀ ਜਾਣਕਾਰੀ ਦਿੱਤੀ ਗਈ ਹੈ, ਤਾਂ ਜੋ ਸਮੁੱਚੀ ਮਨੁੱਖਤਾ ਨੂੰ ਜੀਵਨ ਦੀ ਸਹੀ ਦਿਸ਼ਾ ਵੱਲ ਮੋੜਿਆ ਜਾ ਸਕੇ।

ਗੁਰੂ ਰਾਮਦਾਸ ਸਾਹਿਬ ਨੇ ਸਿੱਖ ਦੀ ਪ੍ਰੀਭਾਸ਼ਾ ਸਬੰਧੀ ਇਸ ਸਬਦ ਵਿਚ ਸਪੱਸ਼ਟ ਕਿਹਾ ਹੈ, ਕਿ ਗੁਰੂ ਦਾ ਸਿੱਖ ਆਪ ਨਾਮੁ ਜਪਣ ਦੇ ਨਾਲ ਨਾਲ, ਹੋਰਨਾਂ ਨੂੰ ਵੀ ਨਾਮੁ ਜਪਾਉਂਦਾ ਹੈ। ਇਸ ਲਈ ਗੁਰੂ ਦੇ ਸਿੱਖ ਦਾ ਫਰਜ਼ ਬਣ ਜਾਂਦਾ ਹੈ ਕਿ ਸਾਝੇ ਤੌਰ ਤੇ ਸੰਗਤੀ ਰੂਪ ਵਿਚ ਗੁਰਬਾਣੀ ਗਾਇਨ ਕਰੇ। ਆਪ ਗੁਰਬਾਣੀ ਨੂੰ ਪੜ੍ਹੇ ਤੇ ਦੂਸਰਿਆ ਨੂੰ ਗੁਰਬਾਣੀ ਪੜ੍ਹਨ ਲਈ ਪ੍ਰੇਰਨਾ ਅਤੇ ਸਹਾਇਤਾ ਕਰੇ।

ਜੇ ਕਰ ਇਸ ਸਬਦ ਵਿਚ ਦਰਸਾਈ ਗਈ ਸਿੱਖ ਦੀ ਪ੍ਰੀਭਾਸ਼ਾ ਨੂੰ ਗੁਰੂ ਨਾਨਕ ਸਾਹਿਬ ਦਾ ੧੦੦ ਤੋਂ ਵੱਧ ਭਾਸ਼ਾਂਵਾਂ ਬਾਰੇ ਗਿਆਨ, ਤੇ ਹੋਰ ਬਹੁਤ ਸਾਰੇ ਵਿਸ਼ੇ ਜੋ ਅਸੀਂ ਅੱਜਕਲ ਸਕੂਲਾਂ ਤੇ ਯੂਨੀਵਰਸਟੀਆਂ ਵਿਚ ਪੜ੍ਹਦੇ ਹਾਂ, ਉਨ੍ਹਾਂ ਵਿਚੋ ਬਹੁਤ ਸਾਰੇ ਵਿਸ਼ਿਆਂ, ਜਿਨ੍ਹਾਂ ਸਬੰਧੀ ਗੁਰੂ ਨਾਨਕ ਸਾਹਿਬ ਦੀ ਡੂੰਘੀ ਜਾਣਕਾਰੀ ਸੀ, ਨੂੰ ਇਕੱਠਾ ਕਰਕੇ ਸਮਝਿਆ ਜਾਵੇ ਤਾਂ ਅਸੀਂ ਕਹਿ ਸਕਦੇ ਹਾਂ, ਕਿ ਇਕ ਅਨਪੜ੍ਹ ਵਿਅਕਤੀ ਸਿੱਖ ਕਹਿਲਾਉਂਣ ਦੇ ਲਾਇਕ ਨਹੀਂ। ਜੇ ਕਰ ਅਸੀਂ ਆਪਣੇ ਆਪ ਨੂੰ ਸਿੱਖ ਕਹਿਲਾਉਂਣਾਂ ਚਾਹੁੰਦੇ ਹਾਂ, ਤਾਂ ਸਾਨੂੰ ਦੁਨਿਆਵੀ ਤੇ ਅਧਿਆਤਮਕ ਸਿਖਿਆਵਾਂ, ਦੋਵੇ ਹੀ ਹਾਸਲ ਕਰਨੀਆਂ ਪੈਣਗੀਆਂ। ਅਨਪੜ੍ਹ ਪ੍ਰਚਾਰਕਾਂ ਕੋਲੋ ਗੁਮਰਾਹ ਹੋਣ ਦੀ ਬਜਾਏ ਪੜ੍ਹੇ ਲਿਖੇ, ਲਾਇਕ ਤੇ ਸੁਲਝੇ ਹੋਏ ਗ੍ਰੰਥੀ ਤੇ ਪ੍ਰਚਾਰਕ ਨਿਯੁਕਤ ਕਰਨੇ ਚਾਹੀਦੇ ਹਨ।

ਆਪਣੇ ਕਿਤਿਆਂ ਵਿਚ ਨਿਪੁਨੰਤਾ ਹਾਸਲ ਕਰਨ ਲਈ ਸਿੱਖਾਂ ਨੂੰ ਆਪਣਾ ਅਧਿਆਤਮਿਕ ਤੇ ਵਿਦਿਅਕ ਪੱਧਰ ਉੱਚਾ ਕਰਨਾ ਪਵੇਗਾ, ਬੱਚਿਆਂ ਦੀ ਪੜ੍ਹਾਈ ਵਲ ਖਾਸ ਧਿਆਨ ਦੇਣਾ ਪਵੇਗਾ। ਤਕਨੀਕੀ ਜਾਣਕਾਰੀ ਦੇਣ ਲਈ ਬਹੁਤ ਸਾਰੇ ਡਿਪਲੋਮਾਂ ਤੇ ਇੰਜਨੀਅਰਿੰਗ ਕਾਲਜ ਖੋਲਣੇ ਪੈਣਗੇ, ਜਿਨ੍ਹਾਂ ਵਿਚ ਲੋੜੀਂਦੇ ਵਿਸ਼ਿਆਂ ਸਬੰਧੀ ਚੰਗੀ ਸਿਖਿਆ ਦਿੱਤੀ ਜਾ ਸਕੇ। ਬੱਚਿਆਂ ਦੀ ਜਾਣਕਾਰੀ ਤੇ ਸਿਖਲਾਈ ਲਈ ਪਿੰਡਾਂ, ਸਕੂਲਾਂ, ਕਾਲਜਾਂ ਵਿਚ ਅਧੁਨਿਕ ਤਕਨੀਕਾਂ ਵਰਤਣ ਲਈ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ। ਨੌਕਰੀਆਂ ਦੀ ਭਾਲ ਸਬੰਧੀ ਜਾਣਕਾਰੀ ਲਈ ਸਹਾਇਤਾ ਕੇਂਦਰ ਕਾਇਮ ਕਰਨੇ ਚਾਹੀਦੇ ਹਨ। ਜਿਨ੍ਹਾਂ ਸਿੰਘਾਂ ਨੇ ਆਪਣੇ ਕਿਤਿਆਂ ਵਿਚ ਉਪਲਬਧੀਆਂ ਹਾਸਲ ਕੀਤੀਆਂ ਹਨ, ਉਨ੍ਹਾਂ ਨੂੰ ਪਿੰਡਾਂ, ਸਕੂਲਾਂ, ਕਾਲਜਾਂ ਵਿਚ ਬੁਲਾ ਕੇ ਜੀਵਨ ਵਿਚ, ਕਿਸ ਤਰ੍ਹਾਂ ਸਫਲਤਾ ਪ੍ਰਾਪਤ ਕਰਨੀ ਹੈ, ਇਸ ਸਬੰਧੀ ਜਾਣਕਾਰੀ ਸਾਂਝੀ ਕਰਨ ਲਈ ਬੇਨਤੀ ਕਰਨੀ ਪਵੇਗੀ। ਇਸ ਤਰ੍ਹਾਂ ਕਰਨ ਨਾਲ ਠੀਕ ਤੇ ਲੋੜੀਦੀ ਜਾਣਕਾਰੀ ਹਰੇਕ ਬੱਚੇ ਤਕ ਆਸਾਨੀ ਨਾਲ ਪਹੁੱਚ ਸਕੇਗੀ।

ਜੀਵਨ ਵਿਚ ਸਫਲਤਾ ਲਈ ਸੱਚ ਦਾ ਵਿਉਪਾਰ ਜਰੂਰੀ ਹੈ। ਸਸਤੀਆਂ ਤੇ ਚੰਗੀਆਂ ਦੁਕਾਨਾਂ ਖੋਲੀਆਂ ਜਾਣ, ਖਾਣਪੀਣ ਵਾਲੀਆਂ ਤੇ ਆਮ ਵਰਤੋਂ ਵਾਲੀਆਂ ਚੀਜ਼ਾਂ ਦੀਆਂ ਦੁਕਾਨਾਂ ਆਸਾਨੀ ਨਾਲ ਸਸਤੀ ਲਾਗਤ ਨਾਲ ਖੋਲੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਵਿਉਪਾਰੀਆਂ ਜਾਂ ਸੰਗਤ ਨੂੰ ਸੱਚ ਦਾ ਵਾਪਾਰ ਕਰਨ ਦੀ ਸਿਖਿਆਂ ਦਿੱਤੀ ਜਾ ਸਕੇਗੀ। ਸਸਤਾ ਤੇ ਚੰਗਾ ਮਾਲ ਵੇਚਣਾ, ਠੀਕ ਤੋਲਣਾ ਅਤੇ ਹੇਰਾ ਫੇਰੀ ਨਾ ਕਰਨ ਨਾਲ, ਹੋਰਨਾਂ ਨੂੰ ਵੀ ਸੱਚੇ ਵਿਉਪਾਰ ਲਈ ਪ੍ਰੇਰਿਆ ਜਾ ਸਕੇਗਾ। ਇਸ ਤਰ੍ਹਾਂ ਕਰਨ ਨਾਲ ਮਨੁੱਖਾ ਜੀਵਨ ਸਫਲ ਕੀਤਾ ਜਾ ਸਕਦਾ ਹੈ।

**ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥ {੨੯੩}**

ਤਤਕਰਾ

## ਕੀ ਪੰਦਰਾਂ ਭਗਤ, ਜਿਨ੍ਹਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹੈ, ਉਹ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਏ ਸਨ, ਸਮਕਾਲੀ ਸਨ, ਜਾਂ ਗੁਰੂ ਨਾਨਕ ਸਾਹਿਬ ਤੋਂ ਬਾਅਦ ਹੋਏ ਸਨ?

ਆਮ ਤੌਰ ਤੇ ਸਿੱਖ ਇਤਿਹਾਸ ਸਬੰਧਤ ਜੋ ਵੀ ਪੇਸ਼ ਕੀਤਾ ਜਾਂਦਾ ਹੈ, ਅਕਸਰ ਉਸ ਦੇ ਸੰਬੰਧੀ ਸਬੂਤ, ਤੇ ਉਹ ਕਿਸ ਆਧਾਰ ਤੇ ਲਿਆ ਗਿਆ ਹੈ, ਬਾਰੇ ਬਹੁਤ ਘੱਟ ਰੌਸ਼ਨੀ ਪਾਈ ਜਾਂਦੀ ਹੈ। ਸਮਾਂ ਪਾ ਕੇ ਚਲ ਰਹੀਆਂ ਪ੍ਰਚਲਤ ਕਹਾਣੀਆਂ, ਇਤਿਹਾਸ ਦਾ ਰੂਪ ਲੈ ਲੈਂਦੀਆਂ ਹਨ, ਕਿਉਂਕਿ ਲੋਕ ਆਪਣੀ ਬੁਧੀ ਅਨੁਸਾਰ ਕਈ ਵਾਰੀ ਕੁਝ ਬਦਲਾਵ ਵੀ ਕਰਦੇ ਰਹਿੰਦੇ ਹਨ, ਕੁਝ ਕੁ ਸਦੀਆਂ ਬਾਅਦ ਕਈ ਵਾਰੀ, ਕੁਝ ਹੋਰ ਹੀ ਬਣ ਜਾਂਦਾ ਹੈ, ਤੇ ਅਸੀਂ ਅਸਲੀਅਤ ਤੋਂ ਬਹੁਤ ਦੂਰ ਚਲੇ ਜਾਂਦੇ ਹਾਂ।

ਗੁਰੂ ਗਰੰਥ ਸਾਹਿਬ ਵਿਚ ੧੫ ਭਗਤਾਂ ਦੀ ਬਾਣੀ ਦਰਜ ਹੈ। ਪਰੰਤੂ ਉਨ੍ਹਾਂ ਬਾਰੇ ਇਤਿਹਾਸਕ ਜਾਣਕਾਰੀ ਬਹੁਤ ਘਟ ਹੈ। ਬਹੁਤ ਸਾਰਿਆਂ ਬਾਰੇ ਕਰਾਮਾਤੀ ਕਥਾਵਾਂ ਪ੍ਰਚਲਤ ਹੋ ਗਈਆਂ ਹਨ। ਗੁਰਮਤਿ ਅਨੁਸਾਰ ਕਰਾਮਾਤ ਬਿਲਕੁਲ ਪ੍ਰਵਾਨ ਨਹੀਂ, ਪਰਤੂੰ ਆਮ ਲੋਕਾਂ ਨੂੰ ਕਰਾਮਾਤ ਬਹੁਤ ਚੰਗੀ ਲਗਦੀ ਹੈ, ਤੇ ਉਸ ਨਾਲ ਬਹੁਤ ਪ੍ਰਭਾਵਤ ਵੀ ਹੁੰਦੇ ਹਨ। ਇਹੀ ਕਾਰਨ ਹੈ ਕਿ ਕਰਾਮਾਤੀ ਕਹਾਣੀਆਂ ਸੁਣਾਉਂਣ ਵਾਲੇ ਬਾਬਿਆਂ ਨਾਲ ਪ੍ਰਭਾਵਤ ਹੋਣ ਵਾਲੇ ਲੋਕਾਂ ਦੀ ਗਿਣਤੀ, ਸੱਚ ਦੇ ਆਧਾਰ ਤੇ ਚਲਣ ਵਾਲਿਆਂ ਨਾਲੋਂ ਕਿਤੇ ਜਿਆਦਾ ਹੁੰਦੀ ਹੈ। ਆਮ ਤੌਰ ਤੇ ਪ੍ਰਚਲਤ ਇਤਿਹਾਸ ਅਨੁਸਾਰ ੧੫ ਭਗਤਾਂ ਦਾ ਕਾਲ ਸਮਾਂ ਹੇਠ ਲਿਖੇ ਅਨੁਸਾਰ ਹੈ।

ਭਗਤ ਜੈਦੇਵ ਜੀ { ੧੧੭੦ ਦੇ ਲਾਗੇ}, ਬਾਬਾ ਫਰੀਦ ਜੀ {੧੧੭੩ ਤੋਂ ੧੨੬੫}, ਭਗਤ ਸਧਨਾ ਜੀ {੧੧੮੦ ਤੋਂ}, ਭਗਤ ਤ੍ਰਿਲੋਚਨ ਜੀ {੧੨੬੭ ਤੋਂ}, ਭਗਤ ਨਾਮ ਦੇਵ ਜੀ {੧੨੭੦ ਤੋਂ ੧੩੫੦}, ਭਗਤ ਭਗਤ ਰਾਮਾਨੰਦ ਜੀ {੧੩੬੬ ਤੋਂ}, ਭਗਤ ਰਵਿਦਾਸ ਜੀ {੧੩੯੯ ਤੋਂ}, ਭਗਤ ਧੰਨਾਂ ਜੀ {੧੪੧੫ ਤੋਂ}, ਭਗਤ ਪੀਪਾ ਜੀ {੧੪੨੫ ਤੋਂ},

ਭਗਤ ਕਬੀਰ ਜੀ {੧੪੪੧ ਤੋਂ ੧੫੧੮}, ਭਗਤ ਭੀਖਨ ਜੀ {੧੪੮੦ ਤੋਂ ੧੫੭੩}, ਭਗਤ ਪਰਮਾਨੰਦ ਜੀ {੧੪੮੩ ਤੋਂ}, ਭਗਤ ਸੈਣੁ ਜੀ {੧੫੦੦ ਦੇ ਲਾਗੇ}, ਭਗਤ ਸੂਰਦਾਸ ਜੀ {੧੪੮੩ ਤੋਂ ੧੫੭੩}, ਭਗਤ ਬੇਣੀ ਜੀ {ਪਤਾ ਨਹੀਂ}.

ਇਤਿਹਾਸ ਨੂੰ ਪਰਖਣ ਲਈ ਸਾਡੇ ਕੋਲ ਇਕ ਉੱਤਮ, ਸਪੱਸ਼ਟ ਤੇ ਕਾਰਗਰ ਗਿਆਨ ਦਾ ਭੰਡਾਰ ਵੀ ਮੌਜੂਦ ਹੈ। ਇਸ ਗਿਆਨ ਦੇ ਸੋਮੇ, ਜੁਗੋ ਜੁਗ ਅਟੱਲ, ਗੁਰੂ ਗਰੰਥ ਸਾਹਿਬ ਕੋਲੋ ਇਸ ਇਤਿਹਾਸ ਬਾਰੇ ਕੁਝ ਕੁ ਸੇਧ ਲੈਂਣ ਦਾ ਉਪਰਾਲਾ ਕੀਤਾ ਗਿਆ ਹੈ।

ਗੁਰੂ ਅਰਜਨ ਸਾਹਿਬ ਨੇ ਭਗਤਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਕਰਕੇ, ਉਨ੍ਹਾਂ ਨੂੰ ਸਿਰਫ ਮਾਣ ਹੀ ਨਹੀਂ ਦਿਤਾ ਹੈ, ਬਲਕਿ ਉਨ੍ਹਾਂ ਭਗਤਾਂ ਦੇ ਗੁਣ, ਗੁਰੂ ਸਾਹਿਬਾਂ ਨੇ, ਆਪਣੀ ਰਚਨਾਂਵਾਂ ਵਿਚ ਕਈ ਥਾਂ ਤੇ ਸਾਂਝੇ ਕੀਤੇ ਹਨ। ਗੁਰੂ ਅਮਰਦਾਸ ਸਾਹਿਬ ਨੇ ਆਪਣੀ ਬਾਣੀ ਵਿਚ ਪੂਰੇ ਗੁਰੂ ਦੁਆਰਾ ਗੁਣ ਗਾਇਨ ਕਰਨ ਦੀ ਸਿਖਿਆ ਦਿਤੀ ਹੈ ਤੇ ਨਾਲ ਹੀ ਆਪਣੇ ਸਬਦ ਵਿਚ ਭਗਤ ਨਾਮਦੇਵ ਜੀ ਤੇ ਭਗਤ ਕਬੀਰ ਜੀ ਬਾਰੇ, ਆਪ ਜੀ ਨੇ ਪੂਰੇ ਗੁਰੂ ਦੁਆਰਾ ਗੁਣ ਗਾਇਨ ਕਰਨ ਦਾ ਜਿਕਰ ਵੀ ਕੀਤਾ ਹੈ। ਸਾਰੇ ਭਗਤਾਂ ਨੇ ਪੂਰੇ ਗੁਰੂ ਤੋਂ ਉੱਚੀ ਆਤਮਕ ਅਵਸਥਾ ਹਾਸਲ ਕੀਤੀ, ਆਪਣੇ ਅੰਦਰੋਂ ਹਉਮੈ ਦੂਰ ਕੀਤਾ ਤੇ ਅਕਾਲ ਪੁਰਖੁ ਦੇ ਨਾਲ ਸਾਂਝ ਪਾ ਲਈ। ਇਕ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ, ਕਿ ਪੂਰੇ ਗੁਰੂ ਅਤੇ ਸਬਦ ਗੁਰੂ ਸਬੰਧੀ ਵਿਚਾਰਧਾਰਾ ਸਿਰਫ ਗੁਰੂ ਨਾਨਕ ਸਾਹਿਬ ਨੇ ਆਰੰਭ ਕੀਤੀ ਸੀ, ਕਿਸੇ ਹੋਰ ਨੇ ਨਹੀਂ। ਜਿਨ੍ਹਾਂ ਭਗਤਾਂ ਦਾ ਜਿਕਰ ਗੁਰੂ ਸਾਹਿਬਾਂ ਜਾਂ ਦੂਸਰੇ ਭਗਤਾਂ ਨੇ ਗੁਰੂ ਗਰੰਥ ਸਾਹਿਬ ਵਿਚ ਕੀਤਾ ਹੈ, ਉਨ੍ਹਾਂ ਦਾ ਵੇਰਵਾ ਕੁਝ ਇਸ ਪ੍ਰਕਾਰ ਹੈ।

ਗੁਰੂ ਗਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਦਾ ਜਿਕਰ ਸਿਰਫ ਪਾ: ੩, ੪, ੫, ਭਗਤ ਤ੍ਰਿਲੋਚਨ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਤੇ ਭੱਟਾਂ ਨੇ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਕਬੀਰ ਜੀ ਦਾ ਜਿਕਰ ਸਿਰਫ ਪਾ: ੩, ੪, ੫, ਭਗਤ ਰਵਿਦਾਸ ਜੀ ਤੇ ਭੱਟਾਂ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਬਾਬਾ ਫਰੀਦ ਜੀ ਦਾ ਜਿਕਰ ਸਿਰਫ ਪਾ: ੩ ਤੇ ੫, ਅਤੇ ਬਾਬਾ ਫਰੀਦ ਜੀ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਰਵਿਦਾਸ ਜੀ ਦਾ ਜਿਕਰ ਸਿਰਫ ਪਾ: ੪, ੫, ਤੇ ਭੱਟਾਂ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਤ੍ਰਿਲੋਚਨ ਜੀ ਦਾ ਜਿਕਰ ਸਿਰਫ ਪਾ: ੪, ੫, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਤੇ ਭੱਟਾਂ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਧੰਨਾ ਜੀ ਦਾ ਜਿਕਰ ਸਿਰਫ ਪਾ: ੪ ਤੇ ੫ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਬੇਣੀ ਜੀ ਦਾ ਜਿਕਰ ਸਿਰਫ ਪਾ: ੫ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਜੈਦੇਵ ਜੀ ਦਾ ਜਿਕਰ ਸਿਰਫ ਪਾ: ੪, ੫, ਭਗਤ ਕਬੀਰ ਜੀ ਤੇ ਭੱਟਾਂ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਭੀਖਨ ਜੀ ਦਾ ਜਿਕਰ ਸਿਰਫ ਭਗਤ ਭੀਖਨ ਜੀ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਸੈਣੁ ਜੀ ਦਾ ਜਿਕਰ ਸਿਰਫ ਪਾ: ੪ ਤੇ ੫ ਨੇ ਅਤੇ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਪੀਪਾ ਜੀ ਦਾ ਜਿਕਰ ਸਿਰਫ ਭਗਤ ਪੀਪਾ ਜੀ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਰਾਮਾਨੰਦ ਜੀ ਦਾ ਜਿਕਰ ਸਿਰਫ ਭਗਤ ਰਾਮਾਨੰਦ ਜੀ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਪਰਮਾਨੰਦ ਜੀ ਦਾ ਜਿਕਰ ਸਿਰਫ ਭਗਤ ਪਰਮਾਨੰਦ ਜੀ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਸੂਰਦਾਸ ਜੀ ਦਾ ਜਿਕਰ ਸਿਰਫ ਪਾ: ੫ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਸਧਨਾ ਜੀ ਦਾ ਜਿਕਰ ਸਿਰਫ ਭਗਤ ਰਵਿਦਾਸ ਨੇ ਆਪਣੀ ਬਾਣੀ ਵਿਚ ਕੀਤਾ ਹੈ। ਸਾਰੇ ਭਗਤਾਂ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ, ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਗੁਰੂ ਅਰਜਨ ਸਾਹਿਬ ਨੇ ਸੰਪਾਦਨਾ ਕਰਦੇ ਸਮੇਂ ਹਰੇਕ ਸਬਦ ਦੇ ਸਿਰਲੇਖ ਵਿਚ ਮਹਲਾ 1, ਮਹਲਾ 2, ਮਹਲਾ 3, ਮਹਲਾ 4, ਮਹਲਾ 5, ਲਿਖ ਦਿਤਾ ਹੈ ਤਾਂ ਕਿ ਪੜ੍ਹਨ ਵਾਲੇ ਨੂੰ ਇਹ ਸਪੱਸ਼ਟ ਹੋ ਜਾਵੇ ਕਿ ਪੜ੍ਹਨ ਵਾਲਾ ਕੇਹੜੇ ਗੁਰੂ ਸਾਹਿਬ ਦੀ ਬਾਣੀ ਪੜ੍ਹ ਰਿਹਾ ਹੈ। ਠੀਕ ਉਸੇ ਤਰ੍ਹਾਂ ਭਗਤਾਂ ਨੇ {ਭਗਤ ਸੂਰਦਾਸ ਜੀ ਤੋਂ ਇਲਾਵਾ} ਆਪਣਾ ਨਾਂ ਆਪਣੀ ਬਾਣੀ ਵਿਚ ਦਰਜ ਕੀਤਾ ਹੈ। ਇਹ ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਦਾ ਇਕ ਨਿਵੇਕਲਾ ਤੇ ਇਕਸਾਰਤਾ ਦਾ ਨਮੂਨਾ ਹੈ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ, ਕੁਝ ਕੁ ਇਤਿਹਾਸਕ ਖਾਮੀਆਂ ਬੜੇ ਖੁਲੇ ਤੌਰ ਸਪੱਸ਼ਟ ਕਰ ਦੇਂਦੀ ਹੈ। ਭਗਤ ਕਬੀਰ ਜੀ {੧੪੪੧ ਤੋਂ ੧੫੧੮} ਦਾ ਜਿਕਰ ਉਨ੍ਹਾਂ ਤੋਂ ਕਈ ਸਾਲ ਪਹਿਲਾਂ ਪੈਦਾ ਹੋਣ ਵਾਲੇ ਭਗਤ ਰਵਿਦਾਸ ਜੀ, {੧੩੬੬ ਤੋਂ} ਕਿਸ ਤਰ੍ਹਾਂ ਕਰ ਸਕਦੇ ਸਨ। ਇਸ ਲਈ ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਤੋਂ ਬਾਅਦ ਹੋਏ ਹੋ ਸਕਦੇ ਹਨ, ਪਹਿਲਾਂ ਨਹੀਂ।

ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਭਗਤ ਕਬੀਰ ਜੀ ਦਾ ਭਗਤ ਰਾਮਾਨੰਦ ਜੀ ਨੂੰ ਮਿਲਣ ਬਾਰੇ ਜਿਕਰ ਕੀਤਾ ਹੈ। ਜੇ ਕਰ ਭਗਤ ਰਾਮਾਨੰਦ ਜੀ {੧੩੬੬ ਤੋਂ} ਨੂੰ ਮਿਲਣ ਸਮੇਂ ਭਗਤ ਕਬੀਰ ਜੀ {੧੪੪੧ ਤੋਂ ੧੫੧੮} ਦੀ ਉਮਰ ੨੦ ਸਾਲ ਦੀ ਵੀ ਸੀ ਤਾਂ ਭਗਤ ਰਾਮਾਨੰਦ ਜੀ ਦੀ ਉਮਰ ੯੫ ਸਾਲ ਹੋਣੀ ਚਾਹੀਦੀ ਹੈ। **ਕੀ ਇਸ ਲੰਮੀ ਉਮਰ ਲਈ ਕੋਈ ਹੋਰ ਪ੍ਰਮਾਣ ਹੈ?** ਜੇ ਨਹੀਂ ਤਾਂ ਇਸ ਇਤਿਹਾਸ ਵਿਚ ਕੋਈ ਖਾਮੀਆਂ ਹਨ। **ਭਾਈ ਗੁਰਦਾਸ ਜੀ ਦੀ ਵਾਰ ਨੰ: ੧੦-੧੬ ਅਨੁਸਾਰ ਭਗਤ ਸੈਣ ਜੀ {੧੩੪੪ ਤੋਂ}, ਭਗਤ ਕਬੀਰ ਜੀ {੧੪੪੧ ਤੋਂ ੧੫੧੮} ਤੋ ਬਾਅਦ ਹੀ ਹੋ ਸਕਦੇ ਹਨ, ਪਹਿਲਾਂ ਨਹੀਂ।**

ਆਮ ਤੌਰ ਤੇ ਇਤਿਹਾਸਕ ਗੱਲਾਂ ਕਰਨ ਵੇਲੇ, ਇਹੀ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਬਹੁਤ ਸਾਰੇ ਭਗਤਾਂ ਦੀ ਬਾਣੀ ਇਕੱਠੀ ਕੀਤੀ ਸੀ। ਪਰੰਤੂ, ਹੈਰਾਨਗੀ ਦੀ ਗਲ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਇਨ੍ਹਾਂ ੧੫ ਭਗਤਾਂ ਵਿਚੋਂ ਕਿਸੇ ਇਕ ਦਾ ਵੀ ਜਿਕਰ ਨਹੀਂ ਕੀਤਾ ਹੈ। ਇਥੋਂ ਤੱਕ ਕਿ ਗੁਰੂ ਅੰਗਦ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਕਿਸੇ ਇਕ ਭਗਤ ਦਾ ਵੀ ਜਿਕਰ ਨਹੀਂ ਕੀਤਾ ਹੈ। ਜੇ ਕਰ ਗੁਰੂ ਨਾਨਕ ਸਾਹਿਬ ਦੇ ਮਨ ਦੇ ਅੰਦਰ ਭਗਤਾਂ ਦੀ ਬਾਣੀ ਲਈ ਸਤਿਕਾਰ ਸੀ, ਤਾਂ ਉਹ, ਉਨ੍ਹਾਂ ਦਾ ਆਪਣੀ ਬਾਣੀ ਵਿਚ ਜਰੂਰ ਜਿਕਰ ਕਰਦੇ। ਗੁਰੂ ਗਰੰਥ ਸਾਹਿਬ ਵਿਚ ਅਕਿਰਤਘਣਾਂ ਨੂੰ ਬੁਰੀ ਤਰ੍ਹਾਂ ਫਿਟਕਾਰਿਆ ਗਿਆ ਹੈ। ਇਸ ਲਈ ਗੁਰੂ ਨਾਨਕ ਸਾਹਿਬ ਦਾ ਅਕਿਰਤਘਣ ਬਣਨਾਂ ਅਸੰਭਵ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਕਈਆਂ ਦਾ ਜਿਕਰ ਕੀਤਾ ਹੈ, ਉਦਾਹਰਣ ਦੇ ਤੌਰ ਤੇ ਬ੍ਰਹਮੈ, ਬਲਿ ਰਾਜਾ, ਹਰੀਚੰਦੁ, ਹਰਣਾਖਸੁ, ਪ੍ਰਹਲਾਦ, ਰਾਵਣੁ, ਸਹਸਬਾਹੁ, ਮਧੁ, ਕੈਟਭ, ਮਹਿਖਾਸਾ, ਜਰਾਸੰਧਿ, ਕਾਲਜਮੁਨ, ਰਕਤਬੀਜੁ, ਕਾਲੁਨੇਮੁ, ਦੁਰਜੋਧਨੁ, ਜਨਮੇਜੈ, ਕੰਸੁ, ਚਾਂਡੂਰੁ, ਇੰਦ੍ਰ, ਪਰਸ ਰਾਮੁ, ਅਜੈ, ਰਾਵਣ, ਰਾਮੁ, ਸੀਤਾ, ਲਖਮਣੁ, ਰਾਵਣ, ਪਾਂਡਹ, ਕ੍ਰਿਸ਼ਨ, ਜਨਮੇਜਾ, ਸੇਖ ਮਸਾਇਕ ਪੀਰ {ਭਰਥਰੀ ਗੋਪੀਚੰਦ}, ਗੋਤਮੁ, ਅਹਿਲਿਆ, ਇੰਦ੍ਰ, ਹਰੀ ਚੰਦਿ, ਬਲਿ ਰਾਜਾ, ਜਨਮੇਜਾ, ਬਿਆਸਿ, ਆਦਿ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਕਈ ਇਤਿਹਾਸਕ ਘਟਨਾਵਾਂ ਦਾ ਵੀ ਜਿਕਰ ਕੀਤਾ ਹੈ। ਬਾਬਰ ਦੇ ਹਮਲੇ ਤੋਂ ਪਹਿਲਾਂ ਇਸ ਦੇਸ਼ ਦੀ ਬੁਰੀ ਹਾਲਤ ਤੇ ਉਸ ਦੇ ਦੁਰਾਨ ਹੋਈ ਤਬਾਹੀ ਦਾ ਜਿਕਰ ਵੀ ਕੀਤਾ ਹੈ।

ਗੁਰੂ ਨਾਨਕ ਸਾਹਿਬ ਕਿਸੇ ਵੀ ਗੁਰਮੁਖ ਨੂੰ ਬਿਆਨ ਕੀਤੇ ਬਿਨਾ ਨਹੀਂ ਛੱਡ ਸਕਦੇ ਸਨ। ਜੇਕਰ ਉਨ੍ਹਾਂ ਦੇ ਮਨ ਦੇ ਅੰਦਰ ਭਗਤਾਂ ਦੀ ਬਾਣੀ ਲਈ ਸਤਿਕਾਰ ਸੀ, ਤਾਂ ਉਹ ਉਨ੍ਹਾਂ ਭਗਤਾਂ ਦਾ ਆਪਣੀ ਬਾਣੀ ਵਿਚ ਕਿਤੇ ਨਾ ਕਿਤੇ ਜਰੂਰ ਜਿਕਰ ਕਰਦੇ। ਪਰੰਤੂ, ਇਸ ਸੰਬੰਧੀ ਗੁਰੂ ਗਰੰਥ ਸਾਹਿਬ ਵਿਚ ਕੋਈ ਪ੍ਰਮਾਣ ਨਹੀਂ ਮਿਲਦਾ ਹੈ। ਗੁਰੂ ਨਾਨਕ ਸਾਹਿਬ ਦੀ ਸਿਖਿਆ ਲੈ ਕੇ, ਜਿਨ੍ਹਾਂ ਦੇ ਜੀਵਨ ਵਿਚ ਪਲਟਾ ਆ ਗਿਆ, ਉਨ੍ਹਾਂ ਦਾ ਵੀ ਗੁਰੂ ਨਾਨਕ ਸਾਹਿਬ ਨੇ ਜਿਕਰ ਕੀਤਾ ਹੈ, ਜਿਵੇਂ ਕਿ ਸਜਣ ਦਾ ਇਕ ਠੱਗ ਤੋਂ ਸਿੱਖੀ ਦਾ ਪ੍ਰਚਾਰਕ ਬਣਨਾ।

ਗੁਰੂ ਨਾਨਕ ਸਾਹਿਬ ਨੇ ਹਰੇਕ ਨੂੰ ਜੀਵਨ ਦਾ ਅਸਲੀ ਮਾਰਗ ਸਮਝਾਇਆ। ਫੋਕੀਆਂ ਰਵਾਇਤਾਂ ਕਰਕੇ ਮਨੁੱਖੀ ਸਮਾਜ ਨੂੰ ਢਾਅ ਲੱਗ ਰਹੀ ਸੀ। ਗੁਰੂ ਸਾਹਿਬ ਨੇ ਅਸਲੀ ਜੋਗੀ, ਪੰਡਤ, ਬ੍ਰਹਾਮਣ, ਖਤ੍ਰੀ, ਮੁਸਲਮਾਨ, ਪਾਂਡੇ, ਆਦਿ ਦੀ ਪ੍ਰੀਭਾਸ਼ਾ ਵੀ ਮਨੁੱਖਤਾ ਦੇ ਭਲੇ ਲਈ ਗੁਰਬਾਣੀ ਵਿਚ ਅੰਕਿਤ ਕਰ ਦਿਤੀ ਹੈ। ਸਿਧ ਗੋਸਟਿ {੯੩੮} ਵਿਚ ਸਿਧਾਂ ਨੂੰ ਸਮਾਜ ਤੇ ਮਨੁੱਖਤਾ ਪ੍ਰਤੀ ਉਨ੍ਹਾਂ ਦਾ ਫਰਜ ਸਮਝਾਇਆ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਜੀਵਨ ਦੇ ਹਰੇਕ ਪਹਿਲੂ ਦਾ ਜਿਕਰ ਕੀਤਾ ਹੈ ਤੇ ਜੀਵਨ ਦਾ ਸਹੀ ਮਾਰਗ ਸਮਝਾਇਆ ਹੈ। ਲੋਕਾਂ ਨੂੰ ਕਰਮ ਕਾਂਡਾਂ ਵਿਚੋਂ ਬਾਹਰ ਕੱਢਣ ਲਈ, ਉਨ੍ਹਾਂ ਦੀ ਭਾਸ਼ਾ ਵਿਚ ਬਾਣੀ ਰਚੀ, ਤੇ ਨਾਲ ਨਾਲ ਸਭ ਨੂੰ ਸਮਝਾਇਆ ਕਿ ਅਸਲੀ

ਰਿਵਾਇਤਾਂ ਕਿਸ ਤਰ੍ਹਾਂ ਕਰਨੀਆਂ ਹਨ, ਤਾਂ ਜੋ ਉਸ ਅਕਾਲ ਪੁਰਖੁ ਨਾਲ ਸਬੰਧ ਜੋੜਿਆ ਜਾ ਸਕੇ। ਜਿਸ ਤਰ੍ਹਾਂ ਕਿ ਬਾਰਹ ਮਾਹਾ, ਥਿਤੀ, ਓਅੰਕਾਰੁ, ਕੁਚਜੀ, ਸੁਚਜੀ, ਜੀਵਨ ਦੇ ਪਹਿਰ, ਆਰਤੀ, ਪਟੀ, ਜਨੇਊ, ਸੂਤਕੁ, ਤੀਰਥਿ, ਖਾਣ, ਪੈਨਣੁ, ਸੁਚਾ ਚੌਂਕਾ, ਵਰਤ, ਆਦਿ।

ਇਸ ਲਈ ਜੇ ਕਰ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਧਿਆਨ ਵਿਚ ਰੱਖ ਕੇ ਇਤਿਹਾਸ ਦੀ ਸੱਚਾਈ ਨੂੰ ਪਰਖਿਆ ਜਾਵੇ ਤਾਂ ਇਹੀ ਪ੍ਰਤੀਤ ਹੁੰਦਾਂ ਹੈ, ਕਿ ਇਹ ਸਾਰੇ ਭਗਤ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਬਾਅਦ ਹੀ ਹੋਏ ਹੋਣਗੇ। ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੇ ਜੀਵਨ ਵਿਚ ਬਦਲਾਵ ਆਇਆ ਤੇ ਬਾਣੀ ਲਿਖਣ ਦੀ ਸਮਰੱਥਾ ਤਕ ਪਹੁੰਚ ਸਕੇ।

ਹੋ ਸਕਦਾ ਹੈ ਕੋਈ ਇਹ ਕਹੇ ਕਿ ਗੁਰੂ ਨਾਨਕ ਸਾਹਿਬ ਨੇ ਭਗਤਾਂ ਦੀ ਬਾਣੀ ਇਕੱਠੀ ਤਾਂ ਕੀਤੀ, ਪਰੰਤੂ, ਉਨ੍ਹਾਂ ਭਗਤਾਂ ਸੰਬੰਧੀ ਤੇ ਉਨ੍ਹਾਂ ਦੀ ਬਾਣੀ ਸੰਬੰਧੀ ਕੁਝ ਲਿਖਣ ਦੀ ਲੋੜ ਨਹੀਂ ਸਮਝੀ ਹੋਵੇਗੀ। ਪਰੰਤੂ, ਅਜੇਹਾ ਠੀਕ ਪ੍ਰਤੀਤ ਨਹੀਂ ਲਗਦਾ ਹੈ, ਕਿਉਂਕਿ, ਗੁਰੂ ਨਾਨਕ ਸਾਹਿਬ ਨੇ ਆਪਣੀਆਂ ਉਦਾਸੀਆ ਸਮੇਂ ਕਈਆਂ ਨੂੰ ਮਿਲੇ ਤੇ ਬਹੁਤ ਸਾਰਿਆ ਦਾ ਸਿਧੇ ਜਾਂ ਅਸਿਧੇ ਤੌਰ ਤੇ ਬਾਣੀ ਵਿਚ ਜਿਕਰ ਕੀਤਾ ਹੈ। ਗੁਰੂ ਅਮਰਦਾਸ ਸਾਹਿਬ ਤੇ ਗੁਰੂ ਅਰਜਨ ਸਾਹਿਬ ਨੇ ਵੀ ਕਈ ਘਟਨਾਵਾਂ ਦਾ ਆਪਣੀ ਬਾਣੀ ਵਿੱਚ ਜਿਕਰ ਕੀਤਾ ਹੈ।

ਇਤਿਹਾਸ ਵਿਚ ਬਾਬਾ ਫਰੀਦ ਜੀ ਦਾ ਸਮਾਂ ੧੧੭੩ ਤੋਂ ੧੨੬੫ ਤਕ ਦੱਸਿਆ ਜਾਂਦਾ ਹੈ। ਪਰੰਤੂ ਸਲੋਕ ਜੋ ਕਿ ਮ: ੨ ਤੇ ਫਰੀਦ ਸਾਹਿਬ ਦੇ ਹਨ, ਇਨ੍ਹਾਂ ਵਿਚ ਬਹੁਤ ਸਮਾਨਤਾ ਹੈ। ਸਲੋਕ ਜੋ ਕਿ ਮ: ੧ ਤੇ ਫਰੀਦ ਸਾਹਿਬ ਦੇ ਹਨ, ਇਨ੍ਹਾਂ ਵਿਚ ਵੀ ਬਹੁਤ ਸਮਾਨਤਾ ਹੈ। ਗੁਰੂ ਨਾਨਕ ਸਾਹਿਬ ਦੇ ਸਬਦ ਅਤੇ ਫਰੀਦ ਸਾਹਿਬ ਦੇ ਸਲੋਕ ਵਿਚ **"ਜਾਇ ਸੁਤੇ ਜੀਰਾਣ"** ਵਾਲੀ ਵਰਤੀ ਗਈ ਪੰਗਤੀ ਇਹੀ ਦਸਦੀ ਹੈ ਕਿ ਉਨ੍ਹਾਂ ਦੀ ਭਾਸ਼ਾ ਵਿਚ ਬਹੁਤ ਸਮਾਨਤਾ ਹੈ। ਇਹ ਸਮਕਾਲੀ ਭਾਸ਼ਾ ਦੀਆਂ ਨਿਸ਼ਾਨੀਆਂ ਹਨ। ਇਸੇ ਤਰ੍ਹਾਂ ਭਗਤ ਕਬੀਰ ਜੀ {੧੪੪੧ ਤੋਂ ੧੫੧੮}, ਭਗਤ ਭੀਖਨ ਜੀ {੧੪੮੦ ਤੋਂ ੧੫੭੩} ਤੇ ਗੁਰੂ ਰਾਮਦਾਸ ਸਾਹਿਬ {੧੫੩੪ ਤੋਂ ੧੫੮੧} ਦੀ ਸ਼ਬਦਾਵਲੀ ਵਿਚ ਸਮਾਨਤਾ ਹੈ। ਸਾਰੇ ਭਗਤਾਂ ਦੀ ਬਾਣੀ ਨੂੰ ਵਿਚਾਰਿਆ ਜਾਵੇ ਤਾਂ ਇਨ੍ਹਾਂ ਦੀ ਸ਼ਬਦਾਵਲੀ ਤੇ ਭਾਸ਼ਾ ਵਿਚ ਬਹੁਤ ਭਾਰੀ ਅੰਤਰ ਨਹੀਂ ਦਿਖਾਈ ਦੇਂਦਾ ਹੈ, ਜੋ ਕਿ ੪੦੦ ਸਾਲ {੧੧੭੦ ਤੋਂ ੧੫੭੩} ਦੇ ਇਸ ਸਮੇਂ ਵਿਚ ਹੋ ਸਕਦਾ ਹੈ। ਹਾਂ ਇਲਾਕੇ ਦੀ ਸ਼ਬਦਾਵਲੀ ਤੇ ਭਾਸ਼ਾ ਵਿਚ ਕੁਝ ਫਰਕ ਹੋ ਸਕਦਾ ਹੈ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਅਧਾਰ ਤੇ ਵੇਖਿਆ ਜਾਵੇ ਤਾਂ ਗੁਰੂ ਅਰਜਨ ਸਾਹਿਬ ਨੇ ਬਹੁਤ ਸਾਰੇ ਭਗਤਾਂ {੧੦ ਭਗਤਾਂ} ਦਾ ਜਿਕਰ ਕੀਤਾ ਹੈ, ਗੁਰੂ ਰਾਮਦਾਸ ਸਾਹਿਬ ਨੇ ੭ ਭਗਤਾਂ ਦਾ ਜਿਕਰ ਕੀਤਾ ਹੈ ਤੇ ਗੁਰੂ ਅਮਰਦਾਸ ਸਾਹਿਬ ਨੇ ਸਿਰਫ ੩ ਭਗਤਾਂ ਦਾ ਹੀ ਜਿਕਰ ਕੀਤਾ ਹੈ। ਇਹ ਤਰਤੀਬ ਵੀ ਪ੍ਰਮਾਣ ਦੇਂਦੀ ਹੈ ਕਿ ਇਨ੍ਹਾਂ ਭਗਤਾਂ ਬਾਰੇ ਜਾਣਕਾਰੀ ਗੁਰੂ ਅਮਰਦਾਸ ਸਾਹਿਬ ਦੇ ਸਮੇਂ ਮਿਲੀ ਹੋਵੇਗੀ ਤੇ ਉਸ ਜਾਣਕਾਰੀ ਵਿਚ ਸਮੇਂ ਨਾਲ ਹੌਲੀ ਹੌਲੀ ਵਾਧਾ ਹੁੰਦਾਂ ਗਿਆ, ਜਿਸ ਸਦਕਾ ਪਾ: ਚੌਥੀ ਨੇ ਸੱਤ ਭਗਤਾਂ ਬਾਰੇ ਜਿਕਰ ਕੀਤਾ, ਤੇ ਪਾ: ਪੰਜਵੀ ਨੇ ਦਸ ਭਗਤਾਂ ਬਾਰੇ ਜਿਕਰ ਕੀਤਾ ਹੈ।

ਭਗਤਾਂ ਨੇ ਆਪਣੀ ਬਾਣੀ ਵਿੱਚ ਅਤੇ ਗੁਰੂ ਸਾਹਿਬਾਂ ਨੇ ਭਗਤਾਂ ਸੰਬੰਧੀ ਇਹੀ ਲਿਖਿਆ ਹੈ, ਕਿ ਉਨ੍ਹਾ ਨੇ **"ਪੂਰੇ ਗੁਰ ਤੇ ਗਤਿ ਪਾਈ",** ਭਾਵ ਪੂਰੇ ਗੁਰੂ ਤੋਂ ਸਿਖਿਆ ਪ੍ਰਾਪਤ ਕੀਤੀ। ਸਾਨੂੰ ਭਲੀ ਪ੍ਰਕਾਰ ਪਤਾ ਹੈ ਕਿ ਪੂਰੇ ਗੁਰੂ ਦਾ ਭਾਵ, ਸਬਦ ਗੁਰੂ ਹੀ ਹੈ। ਆਮ ਤੌਰ ਤੇ ਇਤਿਹਾਸਕ ਕਥਾਂਵਾਂ ਬਿਆਨ ਕਰਦੇ ਸਮੇਂ, ਇਨ੍ਹਾਂ ਭਗਤਾਂ ਦੇ ਕਈ ਦੁਨਿਆਵੀ ਗੁਰੂਆਂ ਦਾ ਵੀ ਜਿਕਰ ਕੀਤਾ ਜਾਂਦਾ ਹੈ, ਪਰੰਤੂ, ਉਹ ਬਿਆਨ ਕੀਤੇ ਜਾ ਰਹੇ ਗੁਰੂ, ਪੂਰੇ ਗੁਰੂ ਦੀ ਅਵਸਥਾ ਤਕ ਨਹੀਂ ਪਹੁੰਚੇ ਸਨ, ਕਿਉਂਕਿ ਅਜੇਹਿਆਂ ਗੁਰੂਆਂ ਦੀ ਉੱਚੀ ਅਵਸਥਾ ਸੰਬੰਧੀ ਗੁਰੂ ਸਾਹਿਬਾਂ ਨੇ ਕੋਈ ਜਿਕਰ ਨਹੀਂ ਕੀਤਾ ਹੈ। ਇਥੋਂ ਤੱਕ ਕਿ ਭਗਤਾਂ ਨੇ ਵੀ ਆਪਣੀ ਬਾਣੀ ਵਿੱਚ ਕਿਸੇ ਵਿਅਕਤੀਗਤ ਗੁਰੂ, ਦਾ ਕੋਈ ਜਿਕਰ ਨਹੀਂ ਕੀਤਾ ਹੈ। ਇਸ ਤੋਂ ਸਾਫ ਜਾਹਰ ਹੁੰਦਾ ਹੈ ਕਿ ਇਨ੍ਹਾਂ ਭਗਤਾਂ ਨੇ ਵੀ ਗੁਰੂ ਨਾਨਕ ਸਾਹਿਬ ਦੁਆਰਾ ਦਰਸਾਏ ਗਏ ਸਬਦ ਗੁਰੂ ਨੂੰ ਹੀ ਅਪਨਾਇਆ ਹੋਵੇਗਾ।

**ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥ ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥੫॥ ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ ॥ ਮਨੁ ਡੀਗਿ ਨ ਡੋਲੈ ਕਹੂੰ ਜਾਇ ॥ ਮਨ ਤੂ ਭੀ ਤਰਸਹਿ ਸਰਣਿ ਪਾਇ ॥੬॥ ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ॥ ਸੇ ਤੈਂ ਲੀਨੇ ਭਗਤ ਰਾਖਿ ॥ ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥ ਇਹ ਬਿਧਿ ਦੇਖਿ ਮਨੁ ਲਗਾ ਸੇਵ ॥੭॥ ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥ ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥ {੧੧੯੨}**

ਇਕ ਹੋਰ ਵੱਡਾ ਪ੍ਰਮਾਣ ਹੈ, ਕਿ ਇਨ੍ਹਾਂ ਸਾਰੇ ਭਗਤਾਂ ਨੇ ਆਪਣੀ ਬਾਣੀ ਵਿਚ ਸ਼ਬਦ ਦਾ ਕੇਂਦਰੀ ਭਾਵ ਦੱਸਣ ਲਈ ਰਹਾਉ ਦੀ ਪੰਗਤੀ ਵਰਤੀ ਹੈ। ਗੁਰੂ ਨਾਨਕ ਸਾਹਿਬ ਤੇ ਬਾਕੀ ਦੇ ਸਾਰੇ ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਸ਼ਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਹੀ ਵਰਤੀ ਹੈ। ਸਾਰੇ ਭਗਤਾਂ ਦਾ ਸ਼ਬਦ ਦੇ ਕੇਂਦਰੀ ਭਾਵ ਨੂੰ ਦੱਸਣ ਲਈ ਰਹਾਉ ਨੂੰ ਵਰਤਣਾਂ, ਇਹੀ ਸੰਕੇਤ ਦੇਂਦਾ ਹੈ, ਕਿ ਇਨ੍ਹਾਂ ਭਗਤਾਂ ਨੇ ਗੁਰੂ ਨਾਨਕ ਸਾਹਿਬ ਦੀ ਸਿਖਿਆਂ ਤੇ ਗੁਰਬਾਣੀ ਦੀ ਬਣਤਰ ਨੂੰ ਅਪਨਾਇਆ। ਹੋ ਸਕਦਾ ਹੈ, ਕੋਈ ਇਹ ਕਹੇ ਕਿ ਗੁਰੂ ਅਰਜਨ ਸਾਹਿਬ ਨੇ ਬਾਅਦ ਵਿਚ ਰਹਾਉ ਦੀਆ ਪੰਗਤੀਆਂ ਨੂੰ ਪਾਇਆ, ਪਰੰਤੂ, ਇਹ ਅਸੰਭਵ ਹੈ, ਕਿਉਂਕਿ, ਗੁਰੂ ਗਰੰਥ ਸਾਹਿਬ ਵਿਚ ਜਿਥੇ ਜਿਥੇ ਵੀ ਭਗਤਾਂ ਦੀ ਬਾਣੀ ਦੇ ਨਾਲ ਹੋਰ ਗੁਰੂ ਸਾਹਿਬਾਂ ਦੀ ਬਾਣੀ ਅੰਕਿਤ ਕੀਤੀ ਗਈ ਹੈ, ਉਥੇ ਮਹਲਾ ੩ ਜਾਂ ਮਹਲਾ ੫ ਆਦਿ ਲਿਖ ਦਿੱਤਾ ਗਿਆ ਹੈ। ਗੁਰੂ ਅਰਜਨ ਸਾਹਿਬ ਨੇ ਸਿਰਲੇਖ, ਸਬਦਾ ਦੀ ਤਰਤੀਬ, ਗਿਣਤੀ, ਤੇ ਕੁੱਲ ਸਬਦ, ਸੱਭ ਥਾਂਵਾਂ ਤੇ ਅੰਕਿਤ ਕੀਤੇ ਹਨ। ਗੁਰੂ ਸਾਹਿਬ ਨੇ ੪੦੦ ਸਾਲ ਪਹਿਲਾਂ ਦੂਰਅੰਦੇਸ਼ੀ ਤੇ ਸਿਆਣਪ ਵਾਲਾ ਤਰੀਕਾ {Software Interlock System} ਅਪਨਾਇਆ, ਤਾਂ ਜੋ ਕੋਈ ਵੀ ਇਸ ਸੱਚੀ ਬਾਣੀ ਵਿਚ ਬਦਲਾਵ ਨਾ ਕਰ ਸਕੇ।

ਇਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਤੇ ਉਸ ਅਨੁਸਾਰ ਮਿਲ ਰਹੇ ਪ੍ਰਮਾਣ ਇਹੀ ਸਾਬਤ ਕਰਦੇ ਹਨ, ਕਿ ਇਹ ਸਾਰੇ ਭਗਤ, ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਬਾਅਦ ਹੀ ਹੋਏ ਹੋਣਗੇ, ਤੇ ਇਨ੍ਹਾਂ ਸਾਰੇ ਭਗਤਾਂ ਨੇ ਆਪਣੀ ਰਚਨਾਂ ਲਿਖਣ ਲਈ ਸੇਧ ਵੀ ਗੁਰੂ ਨਾਨਕ ਸਾਹਿਬ ਤੇ ਹੋਰ ਗੁਰੂ ਸਾਹਿਬਾਂ ਤੋਂ ਲਈ ਹੋਵੇਗੀ।

“ਵਾਹਿ ਗੁਰੂ ਜੀ ਕਾ ਖਾਲਸਾ ਵਾਹਿ ਗੁਰੂ ਜੀ ਕੀ ਫਤਿਹ”

ਡਾ: ਸਰਬਜੀਤ ਸਿੰਘ

ਤਤਕਰਾ

# ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਤੇ ਗੁਰੂ ਅਰਜਨ ਸਾਹਿਬ ਦੇ ਨਾਂ ਨਾਲ ਦੇਵ ਦੀ ਵਰਤੋਂ ਗੁਰਬਾਣੀ ਅਨੁਸਾਰ ਪ੍ਰਵਾਨ ਨਹੀਂ ਹੈ

## The use of Dev in the names of Guru Nanak Sahib, Guru Angad Sahib and Guru Arjan Sahib is not acceptable according to Gurbani

20.06.2007

ਦੁਨੀਆਂ ਵਿਚ ਹਰੇਕ ਮਨੁੱਖ ਦਾ ਕੋਈ ਨਾ ਕੋਈ ਨਾਂ ਰੱਖਿਆ ਜਾਂਦਾ ਹੈ ਤਾਂ ਜੋ ਉਸ ਨੂੰ ਸਾਰਿਆ ਵਿਚ ਪਛਾਣਿਆ ਜਾ ਸਕੇ ਤੇ ਸੰਬੋਧਨ ਕੀਤਾ ਜਾ ਸਕੇ। ਆਮ ਕੌਮਾਂ ਵਿਚ ਲੋਕਾਂ ਨੇ ਨਾਂ ਵਿਚ ਅਕਸਰ ਸਮਾਨਤਾ ਹੁੰਦੀ ਹੈ। ਸਮੇਂ ਦੇ ਨਾਲ ਅਕਸਰ ਨਾਂ ਵੀ ਇਲਾਕੇ ਅਨੁਸਾਰ ਬਦਲਦੇ ਰਹਿੰਦੇ ਹਨ। ਵੇਖਣ ਵਿਚ ਅਇਆ ਹੈ, ਕਿ ਕੁਝ ਭਾਰਤੀ ਵਿਦੇਸ਼ਾਂ ਵਿਚ ਜਾ ਕੇ ਆਪਣਾ ਨਾਂ ਜਾਂ ਧਰਮ ਬਦਲ ਲੈਂਦੇ ਹਨ, ਤਾਂ ਜੋ ਉਨ੍ਹਾਂ ਵਰਗੇ ਲੱਗ ਸਕਣ ਜਾਂ ਕੋਈ ਲਾਭ ਲੈ ਸਕਣ। ਇਹ ਵੀ ਇਕ ਗੁਲਾਮੀ ਦੀ ਨਿਸ਼ਾਨੀ ਹੈ। ਆਪਣੇ ਧਰਮ ਵਿਚ ਤਾਂ ਕੀ ਪਰਪੱਕ ਰਹਿਣਾ, ਕੁਝ ਸਿੱਖਾਂ ਨੇ ਤਾਂ ਦੂਸਰਿਆਂ ਨੂੰ ਆਪਣੇ ਧਰਮ ਤੇ ਇਤਿਹਾਸ ਵਿਚ ਦਖਲ ਦੇਣ ਦੀ ਆਜਾਦੀ ਵੀ ਦੇ ਦਿਤੀ ਹੈ। ਉਦਾਹਰਣ ਦੇ ਤੌਰ ਤੇ ਅੰਗਰੇਜ਼ਾ ਨੇ ਦਰਬਾਰ ਸਾਹਿਬ ਦਾ ਨਾਂ ਬਦਲ ਕੇ ਗੋਲਡਨ ਟੈਂਪਲ ਕਰ ਦਿਤਾ, ਫਿਰ ਬਾਅਦ ਵਿਚ ਹਰਿਮੰਦਰ ਸਾਹਿਬ ਸ਼ੁਰੂ ਹੋ ਗਿਆ। ਭਾਰਤੀ ਸਰਕਾਰ ਨੇ ਉਸ ਨੂੰ ਬਦਲ ਕੇ ਸਵਰਨ ਮੰਦਰ ਕਰ ਦਿਤਾ। ਦਰਬਾਰ ਸਾਹਿਬ ਦੇ ਨਾਂ ਦਾ ਤਾਂ ਕੀ ਕਹਿਣਾ, ਪਹਿਲੇ, ਦੂਜੇ ਤੇ ਪੰਜਵੇਂ ਗੁਰੂ ਸਾਹਿਬਾਂ ਦੇ ਨਾਂ ਬਦਲ ਕੇ, ਉਨ੍ਹਾਂ ਦੇ ਨਾਂ ਦੇ ਨਾਲ ਦੇਵ ਲਗਾਣਾ ਵੀ ਸ਼ੁਰੂ ਕਰ ਦਿਤਾ ਗਿਆ ਹੈ। ਕਿਉਂਕਿ ਸਿੱਖਾਂ ਨੇ ਨਾ ਤਾਂ ਆਪਣਾ ਇਤਿਹਾਸ ਲਿਖਿਆ ਹੈ ਤੇ ਨਾ ਹੀ ਆਪਣੇ ਇਤਿਹਾਸ ਨੂੰ ਸੰਭਾਲ ਕੇ ਰੱਖਿਆ ਹੈ, ਇਸ ਲਈ ਦੂਸਰਿਆਂ ਨੂੰ ਸਿੱਖਾਂ ਦੇ ਧਰਮ ਤੇ ਇਤਿਹਾਸ ਵਿਚ ਦਖਲ ਦੇਣਾਂ ਬਹੁਤ ਆਸਾਨ ਹੈ।

ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਦੇਵ ਲਫਜ਼ ਵਰਤਿਆ ਜਾਂਦਾ ਸੀ ਕਿ ਨਹੀਂ, ਇਸ ਬਾਰੇ ਸ਼ੰਕੇ ਉਸ ਤੋਂ ਬਾਅਦ ਆਰੰਭ ਹੋਏ, ਜਦੋਂ ਕਿ ਗੁਰੂ ਨਾਨਕ ਯੂਨੀਵਰਸਿਟੀ ਦਾ ਨਾਂ ਬਦਲ ਕੇ ਗੁਰੂ ਨਾਨਕ ਦੇਵ ਯੂਨੀਵਰਸਟੀ ਰੱਖਿਆ ਗਿਆ। ਇਤਿਹਾਸ ਦੇ ਪ੍ਰਮਾਣਾ ਤੇ ਇਤਬਾਰ ਕਰਨਾ ਮੁਸ਼ਕਲ ਹੈ, ਕਿਉਂਕਿ ਸਿੱਖ ਇਤਿਹਾਸ ਲਿਖਣ ਵਾਲੇ ਜਿਆਦਾ ਤਰ ਗੈਰ ਸਿੱਖ ਹੀ ਸਨ। ਜਿਨ੍ਹਾਂ ਦਾ ਹਮੇਸ਼ਾਂ ਗੁਰਬਾਣੀ ਵਿਚ ਹੋਰਨਾ ਮੱਤਾ ਨੂੰ ਘੁਸੇੜਨ ਦਾ ਮੰਤਵ ਹੀ ਰਿਹਾ ਹੈ। ਸਾਡੇ ਕੋਲ ਸਿਰਫ ਗੁਰੂ ਗਰੰਥ ਸਾਹਿਬ ਹੀ ਬਚ ਗਏ ਹਨ, ਜਿਨ੍ਹਾਂ ਵਿਚ ਕੋਈ ਮਿਲਾਵਟ ਨਹੀਂ ਕਰ ਸਕਿਆ ਹੈ। ਜੇ ਕਰ ਸਿੱਖ ਇਸੇ ਤਰ੍ਹਾਂ ਅਵੇਸਲੇ ਰਹੇ ਤਾਂ ਗੁਰੂ ਗਰੰਥ ਸਾਹਿਬ ਦੇ ਤੁਲ ਹੋਰ ਗਰੰਥ ਵੀ ਆ ਸਕਦਾ ਹੈ ਜਾਂ ਇਸ ਵਿਚ ਕਿਸੇ ਤਰਾਂ ਦੀ ਮਿਲਾਵਟ ਕਰਨ ਦੀ ਕੋਸ਼ਿਸ਼ ਹੋ ਸਕਦੀ ਹੈ। ਇਸ ਸਬੰਧੀ ਖਤਰੇ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ। ਗੁਰੂ ਗਰੰਥ ਸਾਹਿਬ ਦੇ ਤੁਲ ਬਚਿਤ੍ਰ ਨਾਟਕ ਨੂੰ ਸਥਾਪਤ ਕਰਨ ਦੇ ਉਪਰਾਲੇ ਬਾਹਰੀ ਤਾਕਤਾਂ ਬਹੁਤ ਸਮੇਂ ਤੋਂ ਅੰਦਰ ਖਾਤੇ ਮਨਸੂਬੇ ਬਣਾ ਰਹੀਆਂ ਹਨ। ਸਿੱਖਾਂ ਵਿਚ ਤਰ੍ਹਾਂ ਤਰ੍ਹਾਂ ਦੇ ਭੁਲੇਖੇ ਪਾਏ ਜਾ ਰਹੇ ਹਨ। ਤਾਂ ਜੋ ਉਹ ਗੁਰੂ ਗਰੰਥ ਸਾਹਿਬ ਤੋਂ ਦੂਰ ਹੋ ਜਾਣ। ਅੱਜਕਲ ਦੇ ਜਿਆਦਾ ਤਰ ਸਿੱਖ, ਨਾਂ ਦੇ ਸਿੱਖ ਹੀ ਰਹਿ ਗਏ ਹਨ, ਕਿਉਂਕਿ ਕੋਈ ਵਿਰਲਾ ਹੀ ਗੁਰਬਾਣੀ ਨੂੰ ਪੜ੍ਹਨ, ਸਮਝਣ ਤੇ ਉਸ ਤੇ ਅਮਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਿਆਦਾ ਤਰ ਲੋਕ ਰਵਾਇਤਾਂ ਹੀ ਪੂਰੀਆਂ ਕਰਦੇ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬਾਂ ਨੇ ਕਦੇ ਵੀ ਪਰਵਾਨ ਨਹੀਂ ਕੀਤਾ ਹੈ। ਕੀ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਦੇਵ ਲਫਜ਼ ਵਰਤਿਆ ਜਾਂਦਾ ਸੀ ਕਿ ਨਹੀਂ, ਆਓ ਇਸ ਦੀ ਖੋਜ਼ ਗੁਰੂ ਗਰੰਥ ਸਾਹਿਬ ਦੀ ਮਿਹਰ ਸਦਕਾ ਕਰਨ ਦਾ ਉਪਰਾਲਾ ਕਰੀਏ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹੇਠ ਲਿਖੇ ੨੬ ਸ਼ਬਦਾਂ ਵਿਚ ਗੁਰ ਨਾਨਕ ਤਾਂ ਆਇਆ ਹੈ ਪਰੰਤੂ, ਕਿਤੇ ਵੀ ਗੁਰ ਨਾਨਕ ਦੇਵ ਵਰਤੋਂ ਵਿਚ ਨਹੀਂ ਆਇਆ ਹੈ।

ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥ {੨੯੫, ੨੯੬}

ਸਲੋਕ ਮਃ ੫ ॥ ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ ॥ ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ਦੁਖੁ ਸਬਾਇਆ ਲਥੁ ॥੧॥ {੩੧੭}

ਜਾਪ ਤਾਪ ਕਛੁ ਉਕਤਿ ਨ ਮੋਰੀ ॥ ਗੁਰ ਨਾਨਕ ਸਰਣਾਗਤਿ ਤੋਰੀ ॥੪॥੨੬॥ {੩੭੭}

ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥੨॥੧੫॥੨੪॥ {੫੦੦}

ਜਨ ਤ੍ਰਾਹਿ ਤ੍ਰਾਹਿ ਸਰਣਾਗਤੀ ਮੇਰੀ ਜਿੰਦੁੜੀਏ ਗੁਰ ਨਾਨਕ ਹਰਿ ਰਖਵਾਲੇ ਰਾਮ ॥੩॥ {੫੩੮, ੫੩੯}

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥ ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥ {੬੧੧}

ਗੁਰ ਨਾਨਕ ਕਉ ਪ੍ਰਭੂ ਦਿਖਾਇਆ ਜਲਿ ਥਲਿ ਤ੍ਰਿਭਵਣਿ ਰੁਖੀ ॥੨॥੨॥੩੦॥ {੬੧੭}

ਅਨੰਦ ਬਿਨੋਦ ਮੰਗਲ ਗੁਣ ਗਾਵਹੁ ਗੁਰ ਨਾਨਕ ਭਏ ਦਇਆਲਾ ॥ ਜੈ ਜੈ ਕਾਰ ਭਏ ਜਗ ਭੀਤਰਿ ਹੋਆ ਪਾਰਬ੍ਰਹਮੁ ਰਖਵਾਲਾ ॥੨॥੧੫॥੪੩॥ {੬੧੯}

ਹਰਿ ਹਰਿ ਮਹਾ ਪੁਰਖੁ ਗੁਰੁ ਮੇਲਹੁ ਗੁਰ ਨਾਨਕ ਨਾਮਿ ਸੁਖੁ ਸੋਈ ਰਾਮ ॥੪॥੧॥੭॥ {੬੯੮}

ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥ ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥੯੬॥ {੩੯੪}

ਸਲੋਕ ॥ ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥ ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ ॥੧॥ {੭੧੦}

ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥ {੭੩੩}

ਸਫਲ ਦਰਸਨੁ ਭੇਟਿਓ ਗੁਰ ਨਾਨਕ ਤਾ ਮਨਿ ਤਨਿ ਹਰਿ ਹਰਿ ਧਿਆਇਆ ॥੪॥੨॥੪੯॥ {੭੪੭}

ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈ ਦਾਨੁ ਸੁਖ ਪਾਏ ॥੪॥੧॥੮੧॥ {੮੨੦}

ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ ਸਦ ਜੀਵਾ ॥੪॥੪੩॥੫੬॥ {੧੧੫੨}

ਗੁਰ ਨਾਨਕ ਜਬ ਭਏ ਦਇਆਰਾ ਸਰਬ ਸੁਖਾ ਨਿਧਿ ਪਾਂਹੀ ॥੨॥੯੨॥੧੧੫॥ {੧੨੨੬}

ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ ॥੨॥੫॥੧੧॥ {੧੨੯੭}

ਬਿਖੁ ਭਉਜਲ ਡੁਬਦੇ ਕਾਢਿ ਲੇਹੁ ਪ੍ਰਭ ਗੁਰ ਨਾਨਕ ਬਾਲ ਗੁਪਾਲ ॥੪॥੨॥ {੧੩੩੫}

ਸਰਬ ਕਲਿਆਣ ਸੁਖ ਮਨਿ ਵੂਠੇ ॥ ਹਰਿ ਗੁਣ ਗਾਏ ਗੁਰ ਨਾਨਕ ਤੂਠੇ ॥੨॥੧੨॥ {੧੩੪੧}

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੨॥ {੧੩੮੯}

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੩॥ {੧੩੮੯}

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੪॥ {੧੩੮੯, ੧੩੯੦}

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੫॥ {੧੩੯੦}

ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ ॥ ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ ॥੧੦॥ {੧੩੯੦}

ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥੧॥ {੧੪੦੬, ੧੪੦੭}

ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥ ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥ ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ ॥੨੭॥ {੧੪੨੪}

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹੇਠ ਲਿਖੇ ਸ਼ਬਦ ਵਿਚ ਗੁਰ ਨਾਨਕੁ ਤਾਂ ਆਇਆ ਹੈ, ਪਰੰਤੂ, ਗੁਰ ਨਾਨਕੁ ਦੇਵ ਨਹੀਂ ਆਇਆ ਹੈ। ਨਾਨਕੁ ਦੇ ਕੱਕੇ ਦੇ ਪੈਰ ਵਿਚ ਔਂਕੜ ਇਸ ਗਲ ਦਾ ਪਰਤੀਕ ਹੈ, ਕਿ ਨਾਨਕ ਸਰੀਰ ਸਬੰਧੀ ਕਿਹਾ ਜਾ ਰਿਹਾ ਹੈ। ਇਥੇ ਵੀ ਦੇਵ ਦੀ ਵਰਤੋਂ ਨਹੀਂ ਕੀਤੀ ਗਈ ਹੈ।

ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ ॥ ਗੁਰ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ ॥੪॥ {੪੫੨}

ਹੇਠ ਲਿਖੇ ੨੩ ਸ਼ਬਦਾਂ ਵਿਚ ਗੁਰੁ ਨਾਨਕ, ਗੁਰੁ ਨਾਨਕੁ, ਗੁਰੂ ਨਾਨਕ ਜਾਂ ਗੁਰੂ ਨਾਨਕੁ ਤਾਂ ਆਇਆ ਹੈ, ਪਰੰਤੂ, ਕਿਤੇ ਵੀ ਗੁਰੁ ਨਾਨਕ ਦੇਵ, ਗੁਰੁ ਨਾਨਕੁ ਦੇਵ, ਗੁਰੂ ਨਾਨਕੁ ਦੇਵ ਜਾਂ ਗੁਰੂ ਨਾਨਕੁ ਦੇਵ ਨਹੀਂ ਵਰਤਿਆ ਹੈ। ਇਨ੍ਹਾਂ ਸ਼ਬਦਾ ਵਿਚ ਗੁਰੁ, ਗੁਰੂ, ਨਾਨਕ ਅਤੇ ਨਾਨਕੁ ਦੀ ਵਰਤੋਂ ਕੀਤੀ ਗਈ ਹੈ।

ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥ {੧੫੦}

ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥ {੧੬੭}

ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ ॥੧॥ {੩੨੨}

ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ ॥ ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ ॥੪॥੧੭॥ {੩੭੫}

ਗੁਰੁ ਨਾਨਕ ਜਾ ਕਉ ਭਇਆ ਦਇਆਲਾ ॥ ਸੋ ਜਨੁ ਹੋਆ ਸਦਾ ਨਿਹਾਲਾ ॥੪॥੬॥੧੦੦॥ {੩੯੬}

ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥ {੩੯੬}

ਗੁਰੁ ਨਾਨਕੁ ਤੁਠਾ ਮੇਰੇ ਪਿਆਰੇ ਮੇਲੇ ਹਰੇ ॥ ੧॥ {੪੫੧}

ਗੁਰੁ ਨਾਨਕੁ ਪਾਇਆ ਮੇਰੇ ਪਿਆਰੇ ਧੁਰਿ ਮਸਤਕਿ ਲੇਖੁ ਸਾ ॥੬॥੧੪॥੨੧॥ {੪੫੨}

ਧੁਰਿ ਮਸਤਕਿ ਲੇਖ ਲਿਖੇ ਹਰਿ ਪਾਈ ॥ ਗੁਰੁ ਨਾਨਕੁ ਤੁਠਾ ਮੇਲੈ ਹਰਿ ਭਾਈ ॥੪॥੧॥੫॥ {੭੩੨}

ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥ ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ ॥੪॥੧॥੪੭॥ {੭੪੬, ੭੪੭}

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ ੪॥੧੦॥੫੭॥ {੭੫੦}

ਦਾਸ ਕੀ ਲਾਜ ਰਖੈ ਮਿਹਰਵਾਨੁ ॥ ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ ॥੨॥੬॥੯੬॥ {੮੨੧}

ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥ ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥੪॥੧॥੧੦॥ {੧੦੦੧}

ਭਗਤ ਜਨਾ ਕਉ ਹਰਿ ਕਿਰਪਾ ਧਾਰੀ ॥ ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ ॥੪॥੨॥ {੧੧੭੭, ੧੧੭੮}

ਧਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ ॥੪॥੫॥ {੧੨੬੪}

ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥ ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ ॥੫॥ {੧੩੯੬}

ਜਿਹ ਕ੍ਰਿਪਾਲੁ ਹੋਯਉ ਗੋਬਿੰਦੁ ਸਰਬ ਸੁਖ ਤਿਨਹੂ ਪਾਏ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥ {੧੩੯੬}

ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ ॥੮॥ {੧੩੯੬}

ਤਾਸੁ ਚਰਨ ਲੇ ਰਿਦੈ ਬਸਾਵਉ ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥੧॥ {੧੩੯੯}

ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ ॥ ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ ਹੂ ਰਸੁ ਜਾਣੇ ॥੧੨॥ {੧੩੯੮}

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥ {੧੪੦੧}
ਗੁਰੁ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ ॥੩॥ {੧੪੦੭}
ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ {੧੪੦੮}

ਹੇਠ ਲਿਖੇ ੫ ਸ਼ਬਦਾ ਵਿਚ ਗੁਰਿ ਨਾਨਕ ਤਾਂ ਆਇਆ ਹੈ ਪਰੰਤੂ, ਕਿਤੇ ਵੀ ਗੁਰਿ ਨਾਨਕ ਦੇਵ ਨਹੀਂ ਆਇਆ ਹੈ।

ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥ ੪॥੩੫॥੧੦੪॥ {੧੯੬}
ਨਾਮੁ ਸੰਪਤਿ ਗੁਰਿ ਨਾਨਕ ਕਉ ਦੀਈ ਓਹ ਮਰੈ ਨ ਆਵੈ ਜਾਈ ॥੫॥੧॥੮॥ {੪੯੭}
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥ {੬੧੨}
ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ ਗੁਰਿ ਨਾਨਕ ਕਉ ਬੂਝ ਬੁਝਾਈ ॥੨॥੫॥੯੧॥ {੮੨੨}
ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥੨॥੫॥੨੮॥ {੧੨੦੯, ੧੨੧੦}

ਉਪਰ ਸਾਂਝੇ ਕੀਤੇ ੫੫ ਸ਼ਬਦ {੨੬+੧+੨੩+੫} ਇਹੀ ਸੰਕੇਤ ਦੇਂਦੇ ਹਨ ਕਿ ਗੁਰ ਨਾਨਕ ਸਾਹਿਬ ਦੇ ਨਾਂ ਨਾਲ ਦੇਵ ਲਫਜ਼ ਨਹੀਂ ਵਰਤਿਆ ਜਾਂਦਾ ਸੀ। ਸਮਾਂ ਪਾ ਕੇ ਇਸ ਦੀ ਵਰਤੋਂ ਦੀ ਰਵਾਇਤ ਪਾ ਦਿਤੀ ਗਈ ਹੈ।

ਗੁਰੂ ਗਰੰਥ ਸਾਹਿਬ ਵਿਚ ਸ਼ਬਦ ਨਾਨਕ ਦੇਵ ਸਿਰਫ ਤਿੰਨ ਵਾਰੀ ਆਇਆ ਹੈ ਤੇ ਇਹ ਨਾਨਕ ਮੁਕਤਾ ਨਾਲ ਹੀ ਆਇਆ ਹੈ, ਨਾਨਕੁ ਨਾਲ ਨਹੀਂ। ਜਿਸ ਦਾ ਅਰਥ ਹੈ ਹੇ ਨਾਨਕ। ਇਥੇ ਇਹ ਵੀ ਸਪੱਸ਼ਟ ਹੁੰਦਾਂ ਹੈ ਕਿ ਦੇਵ, ਗੁਰੂ ਨਾਨਕ ਸਾਹਿਬ ਲਈ ਨਹੀਂ ਵਰਤਿਆ ਗਿਆ ਹੈ। ਬਲਕਿ ਅਕਾਲ ਪੁਰਖੁ ਲਈ ਵਰਤਿਆ ਗਿਆ ਹੈ। ਇਹ ਤਿੰਨੇ ਸ਼ਬਦ ਹੇਠ ਲਿਖੇ ਹਨ।

ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥ ਅਬਿਚਲ ਨਗਰੀ ਨਾਨਕ ਦੇਵ ॥੮॥੧॥ {੪੩੦}

ਇਸ ਸ਼ਬਦ ਵਿਚ ਗੁਰੂ ਅਰਜਨ ਸਾਹਿਬ ਸਮਝਾ ਰਹੇ ਹਨ, ਕਿ ਹੇ ਨਾਨਕ! ਪੂਰਾ ਗੁਰੂ ਜਿਸ ਮਨੁੱਖ ਨੂੰ ਅਕਾਲ ਪੁਰਖੁ ਦੀ ਸੇਵਾ ਭਗਤੀ ਦੀ ਦਾਤ ਬਖ਼ਸ਼ਦਾ ਹੈ, ਉਹ ਐਸੇ ਹਿਰਦੇ ਘਰ ਵਿਚ ਵੱਸਦਾ ਰਹਿੰਦਾ ਹੈ। ਅਜੇਹਾ ਹਿਰਦਾ ਅਕਾਲ ਪੁਰਖੁ ਦੇ ਰਹਿਣ ਵਾਸਤੇ ਵਿਕਾਰਾਂ ਵਿਚ ਕਦੇ ਨਾ ਡੋਲਣ ਵਾਲੀ ਨਗਰੀ ਬਣ ਜਾਂਦਾ ਹੈ।

ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥ ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥ {੧੧੯੨}

ਇਸ ਸ਼ਬਦ ਵਿਚ ਗੁਰੂ ਅਰਜਨ ਸਾਹਿਬ ਸਮਝਾ ਰਹੇ ਹਨ, ਕਿ ਕਬੀਰ ਨੇ ਇਕ ਰਸ ਪਿਆਰ ਵਿਚ ਟਿਕ ਕੇ ਅਕਾਲ ਪੁਰਖੁ ਦਾ ਧਿਆਨ ਧਰਿਆ। ਅਕਾਲ ਪੁਰਖੁ ਨਾਮਦੇਵ ਜੀ ਦੇ ਅੰਗ ਸੰਗ ਵੱਸਦੇ ਸਨ। ਰਵਿਦਾਸ ਨੇ ਵੀ ਸੋਹਣੇ ਪ੍ਰਭੂ ਦਾ ਸਿਮਰਨ ਕੀਤਾ। ਇਨ੍ਹਾਂ ਸਭਨਾਂ ਉੱਤੇ ਗੁਰੂ ਨੇ ਹੀ ਕਿਰਪਾ ਕੀਤੀ। ਹੇ ਨਾਨਕ! ਗੁਰੂ ਅਕਾਲ ਪੁਰਖੁ ਦਾ ਰੂਪ ਹੈ, ਤੂੰ ਵੀ ਗੁਰੂ ਦੀ ਸਰਨ ਪਿਆ ਰਹਿ।

ਮਨਸਾ ਮਾਨਿ ਏਕ ਨਿਰੰਕੇਰੈ ॥ ਸਗਲ ਤਿਆਗਹੁ ਭਾਉ ਦੂਜੇਰੈ ॥ ਕਵਨ ਕਹਾਂ ਹਉ ਗੁਨ ਪ੍ਰਿਅ ਤੇਰੈ ॥ ਬਰਨਿ ਨ ਸਾਕਉ ਏਕ ਟੁਲੇਰੈ ॥ ਦਰਸਨ ਪਿਆਸ ਬਹੁਤੁ ਮਨਿ ਮੇਰੈ ॥ ਮਿਲੁ ਨਾਨਕ ਦੇਵ ਜਗਤ ਗੁਰ ਕੇਰੈ ॥੨॥੧॥੩੪॥ {੧੩੦੪}

ਇਸ ਸ਼ਬਦ ਵਿਚ ਗੁਰੂ ਅਰਜਨ ਸਾਹਿਬ ਸਮਝਾ ਰਹੇ ਹਨ, ਕਿ ਹੇ ਭਾਈ! ਆਪਣੇ ਮਨ ਦੇ ਫੁਰਨੇ ਨੂੰ ਸਿਰਫ਼ ਨਿਰੰਕਾਰ ਦੀ ਯਾਦ ਵਿਚ ਸ਼ਾਂਤ ਕਰ ਲੈ। ਅਕਾਲ ਪੁਰਖੁ ਤੋਂ ਬਿਨਾ ਹੋਰ ਹੋਰ ਪਦਾਰਥਾਂ ਵਿਚ ਪਾਇਆ ਹੋਇਆ ਪਿਆਰ ਸਾਰਾ ਹੀ ਛੱਡ ਦੇ। ਹੇ ਪਿਆਰੇ ਅਕਾਲ ਪੁਰਖੁ! ਤੇਰੇ ਅੰਦਰ ਅਨੇਕਾਂ ਹੀ ਗੁਣ ਹਨ, ਮੈਂ ਤੇਰੇ ਕਿਹੜੇ ਕਿਹੜੇ

ਗੁਣ ਦੱਸ ਸਕਦਾ ਹਾਂ? ਮੈਂ ਤਾਂ ਤੇਰੇ ਇਕ ਉਪਕਾਰ ਨੂੰ ਵੀ ਬਿਆਨ ਨਹੀਂ ਕਰ ਸਕਦਾ ਹਾਂ। ਹੇ ਜਗਤ ਦੇ ਗੁਰਦੇਵ! ਮੇਰੇ ਮਨ ਵਿਚ ਤੇਰੇ ਦਰਸਨ ਦੀ ਬਹੁਤ ਤਾਂਘ ਹੈ, ਮੈਨੂੰ ਨਾਨਕ ਨੂੰ ਮਿਲ।

ਸੁਖਮਨੀ ਸਾਹਿਬ ਵਿਚ ਅੰਕਿਤ ਇਹ ਅਸਟਪਦੀ ਸਾਬਤ ਕਰਦੀ ਹੈ, ਕਿ "ਦੇਵਾ" ਲਫਜ ਅਕਾਲ ਪੁਰਖੁ ਵਾਸਤੇ ਵਰਤਿਆ ਗਿਆ ਹੈ

**ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥ ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥ ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥ ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥ ਹਰਿ ਕਾ ਨਾਮੁ ਜਨ ਕੀ ਵਡਿਆਈ ॥ ਹਰਿ ਕੈ ਨਾਮਿ ਜਨ ਸੋਭਾ ਪਾਈ ॥ ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥ ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥ ਜਨੁ ਰਾਤਾ ਹਰਿ ਨਾਮ ਕੀ ਸੇਵਾ ॥ ਨਾਨਕ ਪੂਜੈ ਹਰਿ ਹਰਿ ਦੇਵਾ ॥੬॥ {੨੬੪}**

**ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਾਰੀ ਬਾਣੀ ਇਹੀ ਸਾਬਤ ਕਰਦੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਦੇਵ ਲਫਜ਼ ਨਹੀਂ ਵਰਤਿਆ ਜਾਂਦਾ ਸੀ।** ਇਕ ਸਿੱਖ ਦਾ ਫਰਜ਼ ਹੈ ਕਿ ਉਹ ਗੁਰੂ ਗਰੰਥ ਸਾਹਿਬ ਅਨੁਸਾਰ ਦੱਸੇ ਹੋਏ ਮਾਰਗ ਤੇ ਚੱਲੇ। ਇਸ ਲਈ ਉਚਿਤ ਇਹੀ ਹੈ, ਕਿ ਅਸੀਂ **ਨਾਨਕ** ਨਾਂ ਦੀ ਵਰਤੋਂ ਹੀ ਕਰੀਏ। ਕਿਉਂਕਿ ਉਹ ਸਾਡੇ ਗੁਰੂ ਸਾਹਿਬ ਹਨ, ਇਸ ਲਈ ਆਰੰਭ ਵਿਚ **ਗੁਰੂ** ਸ਼ਬਦ ਦੀ ਵਰਤੋਂ ਹੋਣੀ ਚਾਹੀਦੀ ਹੈ। ਆਮ ਵਿਅਕਤੀ ਦੇ ਨਾਂ ਨਾਲ, ਜੀ ਦੀ ਵਰਤੋਂ ਤਾਂ ਕੀਤੀ ਜਾਂਦੀ ਹੈ, ਪਰੰਤੂ, ਸਾਹਿਬ ਦੀ ਨਹੀਂ। ਇਸ ਲਈ ਗੁਰੂ ਸਾਹਿਬ ਦੇ ਨਾਂ ਦੇ ਬਾਅਦ ਵਿਚ, ਜੀ ਦੀ ਬਜਾਏ **ਸਾਹਿਬ** ਦੀ ਵਰਤੋਂ ਕਰਨੀ ਹੀ ਉਚਿਤ ਹੈ। ਗੁਰੂ ਗਰੰਥ ਸਾਹਿਬ ਵਿਚ "ਸਾਹਿਬ" ਜਾਂ "ਜੀ" ਦੀ ਵਰਤੋਂ, ਵੱਖ ਵੱਖ ਥਾਂਵਾਂ ਤੇ ਤਾਂ ਕਈ ਵਾਰੀਂ ਕੀਤੀ ਗਈ ਹੈ, ਪਰੰਤੂ, "ਸਾਹਿਬ ਜੀ" ਦੀ ਵਰਤੋਂ ਇਕੱਠਾ ਕਿਤੇ ਵੀ ਨਹੀਂ ਕੀਤੀ ਗਈ ਹੈ। ਇਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਾਰੀ ਬਾਣੀ ਇਹੀ ਮਾਰਗ ਦਰਸ਼ਨ ਕਰਦੀ ਹੈ ਕਿ ਸਾਨੂੰ ਗੁਰੂ ਸਾਹਿਬ ਨੂੰ ਸੰਬੋਧਨ ਕਰਨ ਲਈ ਸਤਿਕਾਰ ਨਾਲ **ਗੁਰੂ ਨਾਨਕ ਸਾਹਿਬ** ਹੀ ਕਹਿਣਾ ਚਾਹੀਦਾ ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਗੁਰੂ ਨਾਨਕ ਸਾਹਿਬ ਦਾ ੩੮ ਵਾਰੀ ਜਿਕਰ ਆਇਆ ਹੈ, ਪਰੰਤੂ ਕਦੇ ਵੀ ਦੇਵ ਦੀ ਵਰਤੋਂ ਨਹੀਂ ਕੀਤੀ ਗਈ ਹੈ। ਨਾਨਕ ਜੋਤਿ ਨੂੰ ਅਕਾਲ ਪੁਰਖੁ ਦਾ ਰੂਪ ਦੱਸਣ ਲਈ ਭਾਈ ਗੁਰਦਾਸ ਜੀ ਨੇ ਆਪਣੀਆਂ ਕੁਝ ਵਾਰਾਂ ਵਿਚ ਨਾਨਕ ਦੇਉ ਦੀ ਵਰਤੋਂ ਕੀਤੀ ਹੈ। ਜਿਸ ਦਾ ਭਾਵ **"ਗੁਰ ਨਾਨਕ ਦੇਵ ਗੋਵਿੰਦ ਰੂਪ"** ਹੈ।

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿੰ ਪਠਾਯਾ॥ {੧-੨੩-੧}
ਕਲਿ ਤਾਰਣ ਗੁਰ ਨਾਨਕ ਆਯਾ ॥੨੩॥ {੧-੨੩-੮}
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥ {੧-੨੭-੧}
ਸਿਧ ਆਸਣ ਸਭ ਜਗਤ ਦੇ ਨਾਨਕ ਆਦ ਮਤੇ ਜੇ ਕੋਆ॥ {੧-੨੭-੫}
ਬਾਬਾ ਆਖੇ ਨਾਥ ਜੀ ਨਾਨਕ ਨਾਮ ਜਪੇ ਗਤ ਪਾਈ॥ {੧-੨੮-੭}
ਫਿਰ ਪੁੱਛਣ ਸਿਧ ਨਾਨਕਾ ਮਾਤ ਲੋਕ ਵਿਚ ਕਿਆ ਵਰਤਾਰਾ॥ {੧-੨੯-੧}
ਸਭ ਸਿਧੀਂ ਏਹ ਬੁਝਿਆ ਕਲਿ ਤਾਰਣ ਨਾਨਕ ਅਵਤਾਰਾ॥ {੧-੨੯-੨}
ਕਲਿਜੁਗ ਨਾਨਕ ਨਾਮ ਸੁਖਾਲਾ ॥੩੧॥ {੧-੩੧-੮}
ਨਾਨਕ ਕਲਿ ਵਿਚ ਆਇਆ ਰਬ ਫਕੀਰ ਇਕ ਪਹਿਚਾਨਾ॥ {੧-੩੫-੭}
ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉ ਕੁਚੱਜੀ ਆਈ॥ {੧-੪੦-੫}
ਖਟ ਦਰਸ਼ਨ ਕਉ ਖੇਦਿਆ ਕਲਿਜੁਗ ਬੇਦੀ ਨਾਨਕ ਆਈ॥ {੧-੪੧-੨}
ਸਿਧ ਬੋਲੇ ਸੁਨ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ॥ {੧-੪੨-੧}
ਸੋ ਦੀਨ ਨਾਨਕ ਸਤਿਗੁਰ ਸਰਣਾਈ ॥੪੨॥ {੧-੪੨-੮}

ਸਿਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ॥ {੧-੪੪-੩}
ਚੜ੍ਹੇ ਸਵਾਈ ਦਹਦਿਹੀ ਕਲਿਜੁਗ ਨਾਨਕ ਨਾਮ ਧਿਆਯਾ॥ {੧-੪੫-੨}
ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ॥ {੧-੪੫-੪}
ਜੋਤੀ ਜੋਤ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਯਾ॥ {੧-੪੫-੬}
ਗੁਰ ਨਾਨਕ ਹੰਦੀ ਮੋਹਰ ਹਥ ਗੁਰ ਅੰਗਦ ਦੀ ਦੋਹੀ ਫਿਰਾਈ॥ {੧-੪੬-੨}
ਲਹਿਣੇ ਪਾਈ ਨਾਨਕੋਂ ਦੇਣੀ ਅਮਰਦਾਸ ਘਰ ਆਈ॥ {੧-੪੬-੫}
ਕਲਿਜੁਗ ਨਾਨਕ ਗੁਰ ਗੋਬਿੰਦ ਗਗਾ ਗੋਵਿੰਦ ਨਾਮ ਜਪਾਵੈ॥ {੧-੪੯-੪}
ਗੁਰ ਚੇਲੇ ਸ਼ਾਬਾਸ਼ ਨਾਨਕ ਦੇਉ ਹੈ॥ {੩-੨-੨}
ਸਤਿਗੁਰ ਨਾਨਕ ਦੇਉ ਗੁਰਾਂ ਗੁਰ ਹੋਇਆ॥ {੩-੧੨-੧}
ਨਾਨਕ ਦਾਦਕ ਸਾਹੁਰੇ ਵਿਰਲੀ ਸੁਰ ਲਾਗਾਤਕ ਹੋਏ॥ {੫-੧੦-੧}
ਜੰਮਦਿਆਂ ਰਣ ਵਿਚ ਜੂਝਨਾ ਨਾਨਕ ਦਾਦਕ ਹੋਇ ਵਧਾਈ॥ {੫-੧੪-੨}
ਵਿਚ ਭਰਾਵਾਂ ਭੈਨੜੀ ਨਾਨਕ ਦਾਦਕ ਸਣ ਪਰਵਾਰੀ॥ {੫-੧੬-੨}
ਪਾਰਬ੍ਰਹਮ ਪੂਰਣ ਬ੍ਰਹਮ ਗੁਰ ਨਾਨਕ ਦੇਉ॥ {੧੩-੨੫-੧}
ਸੀਹਰੁ ਪੀਹਰੁ ਨਾਨਕੇ ਪਰਵਾਰੈ ਸਾਧਾਰ ਧਿਙਾਣੈ॥ {੧੫-੭-੪}
ਸਤਿਗੁਰ ਨਾਨਕ ਦੇਉ ਆਪ ਉਪਾਇਆ॥ {੨੦-੧-੨}
ਜਗਤੁ ਗੁਰੂ ਗੁਰੁ ਨਾਨਕ ਦੇਉ ॥੨॥ {੨੪-੨-੭}
ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ॥ {੨੪-੨੫-੧}
ਨਾਨਕ ਦਾਦਕ ਸੋਹਿਲੇ ਵਿਰਤੀਸਰ ਬਹੁ ਦਾਨ ਦਤਾਰਾ॥ {੩੦-੩-੪}
ਨਾਨਕੁ ਦਾਦਕੁ ਸੋਹਲੇ ਦੇਨਿ ਅਸੀਸਾਂ ਬਾਲੁ ਪਿਆਰਾ॥ {੩੭-੭-੪}
ਸਤਿਗੁਰ ਨਾਨਕ ਦੇਉ ਹੈ ਪਰਮੇਸਰੁ ਸੋਈ॥ {੩੮-੨੦-੧}
ਸਤਿਗੁਰ ਨਾਨਕ ਦੇਉ ਹੈ ਗੁਰੁ ਅੰਗਦੁ ਅੰਗਹੁੰ ਉਪਜਾਇਆ॥ {੩੯-੨-੭}
ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ॥ {੪੧-੧-੪}
ਕਲੀ ਕਾਲ ਮਰਦਾਨ ਮਰਦ ਨਾਨਕ ਗੁਨ ਗਾਏ॥ {੪੧-੨੦-੧੦}
ਹਰਿ ਸਤਿਗੁਰ ਨਾਨਕ ਖੇਲ ਰਚਾਇਆ॥ {੪੧-੨੧-੧}
ਗੁਰੂ ਨਾਨਕ ਸਭ ਕੇ ਸਿਰ ਤਾਜਾ॥ {੪੧-੨੩-੧}

ਭਾਈ ਗੁਰਦਾਸ ਜੀ ਦੇ ਕਬਿਤਾਂ ਵਿਚ ਵੀ ਗੁਰੂ ਨਾਨਕ ਸਾਹਿਬ ਦਾ ੩ ਵਾਰੀ ਜਿਕਰ ਆਇਆ ਹੈ। ਹੇਠ ਲਿਖੇ ਕਬਿਤ ਵਿਚ ਤਾਂ ਦੇਵਤਾ ਰੂਪ ਪਾਰਬ੍ਰਹਮ ਪੂਰਨ ਬ੍ਰਹਮ ਗਿਆਨੀ ਦਾ ਜਿਕਰ ਹੈ। ਜੋ ਕਿ ਵਾਰਾਂ ਦੀ ਤਰ੍ਹਾਂ "ਗੁਰ ਨਾਨਕ ਦੇਵ ਗੋਵਿੰਦ ਰੂਪ" ਦਾ ਜਿਕਰ ਕਰਦਾ ਹੈ।

ਸਤਿਗੁਰ ਨਾਨਕ ਦੇਵ ਪਾਰਬ੍ਰਹਮ ਪੂਰਨ ਬ੍ਰਹਮ ॥ {੨-੨}

ਹੇਠ ਲਿਖੇ ਦੋ ਕਬਿਤਾਂ ਵਿਚ ਭਾਵੇ ਦੇਵਤਾ ਰੂਪ ਪਾਰਬ੍ਰਹਮ ਪੂਰਨ ਬ੍ਰਹਮ ਗਿਆਨੀ ਦਾ ਹੀ ਜਿਕਰ ਹੈ। ਪਰੰਤੂ, ਇਨ੍ਹਾਂ ਵਿਚ ਨਾਨਕਦੇਵ ਇਕੋ ਸ਼ਬਦ ਹੈ। ਜਿਸ ਸਬੰਧੀ ਖੋਜ ਦੀ ਲੋੜ ਹੈ। ਜੇ ਕਰ ਕੋਈ ਪੁਰਾਤਨ ਲਿਖਤ ਮਿਲ ਜਾਵੇ ਤਾਂ ਇਸ ਸਬੰਧੀ ਖ਼ੁਲਾਸਾ ਕਰਨ ਵਾਸਤੇ ਆਸਾਨੀ ਹੋ ਸਕਦੀ ਹੈ।

ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰ ਨਾਨਕਦੇਵ ॥ {੨-੪}
ਸਤਿਗੁਰ ਨਾਨਕਦੇਵ ਦੇਵ ਦੇਵੀ ਸਭ ਧਿਆਵਹਿ ॥ {੨-੫}

ਜੇ ਕਰ ਨਾਨਕਦੇਵ ਇਕੱਠਾ ਸ਼ਬਦ ਨਾਂ ਲਈ ਸਹੀ ਹੁੰਦਾਂ ਤਾਂ ਹਰੇਕ ਵਾਰ ਵਿਚ ਨਾਨਕਦੇਵ ਸ਼ਬਦ ਦੀ ਵਰਤੋਂ ਹੋਣੀ ਚਾਹੀਦੀ ਸੀ। ਪਰੰਤੂ ਉਪਰ ਲਿਖਤ ਸਾਰੀਆਂ ੩੮ ਵਾਰਾਂ ਵਿਚ ਕਿਸੇ ਇਕ ਵਿਚ ਵੀ ਨਾਨਕਦੇਵ ਦੀ ਵਰਤੋਂ ਨਹੀਂ ਕੀਤੀ ਗਈ ਹੈ। ਕਿਸੇ ਵਿਅਕਤੀ ਦਾ ਅਧੂਰਾ ਨਾਂ ਲਿਖਣਾ ਉਚਿਤ ਨਹੀਂ ਹੈ ਤੇ ਖ਼ਾਸ ਕਰ ਉਹ ਵੀ ਗੁਰੂ ਨਾਨਕ ਸਾਹਿਬ ਸਬੰਧੀ। ਅਜੇਹੀ ਗਲਤੀ ਭਾਈ ਗੁਰਦਾਸ ਵਰਗੀ ਮਹਾਨ ਸ਼ਕਸ਼ੀਅਤ ਨਹੀਂ ਕਰ ਸਕਦੀ ਹੈ। ਵੈਸੇ ਇਨ੍ਹਾਂ ਦੋਹਾਂ ਕਬਿਤਾਂ ਦਾ ਮੰਤਵ ਵੀ **"ਗੁਰ ਨਾਨਕ ਦੇਵ ਗੋਵਿੰਦ ਰੂਪ"** ਸਾਬਤ ਕਰਨਾ ਹੀ ਹੈ।

ਗੁਰੂ ਗਰੰਥ ਸਾਹਿਬ ਵਿਚ ਨਾਨਕ ਲਗਭਗ ੪੪੫੬ ਵਾਰੀ ਆਇਆ ਹੈ ਤੇ ਨਾਨਕੁ ਲਗਭਗ ੫੨੧ ਵਾਰੀ ਆਇਆ ਹੈ। ਪਰੰਤੂ, ਨਾਨਕਦੇਵ ਜਾਂ ਨਾਨਕੁਦੇਵ ਗੁਰੂ ਗਰੰਥ ਸਾਹਿਬ ਵਿਚ ਕਦੇ ਵੀ ਨਹੀਂ ਆਇਆ ਹੈ। ਇਸ ਲਈ ਨਾਨਕਦੇਵ, ਗੁਰੂ ਨਾਨਕ ਸਾਹਿਬ ਦਾ ਨਾਂ, ਕਦੇ ਵੀ ਪ੍ਰਵਾਨ ਨਹੀਂ ਹੋ ਸਕਦਾ ਹੈ।

ਚੌਥੀ ਜੋਤਿ ਗੁਰੂ ਰਾਮਦਾਸ ਸਾਹਿਬ ਦਾ ਜਿਕਰ ਜਦੋਂ ਵੀ ਗੁਰੂ ਗਰੰਥ ਸਾਹਿਬ ਵਿਚ ਆਇਆ ਹੈ ਤਾਂ ਹਮੇਸ਼ਾਂ ਰਾਮਦਾਸ ਸ਼ਬਦ ਦੀ ਵਰਤੋਂ ਹੋਈ ਹੈ ਰਾਮ ਦਾਸ ਦੀ ਵੱਖ ਵੱਖ ਨਹੀਂ।

ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ ॥ ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ ॥੪॥ {੯੨੩}

ਇਹ ਸਭ ਪ੍ਰਮਾਣ ਇਹੀ ਮਾਰਗ ਦੱਸਦੇ ਹਨ, ਕਿ ਗੁਰੂ ਨਾਨਕ ਸਾਹਿਬ ਨਾਂ ਹੀ ਉਚਿਤ ਹੈ, ਤੇ ਨਾਨਕ ਦੇਵ ਸਬੰਧੀ ਕੋਈ ਠੋਸ ਸਬੂਤ ਨਹੀਂ ਹੈ। ਹੋ ਸਕਦਾ ਹੈ, ਦੂਸਰੇ ਮਤ ਵਾਲਿਆਂ ਨੇ ਗੁਰੂ ਨਾਨਕ ਸਾਹਿਬ ਨੂੰ ਆਪਣਾ ਇਕ ਦੇਵਤਾ ਸਾਬਤ ਕਰਨ ਲਈ ਪਰਚਲਿਤ ਕਰ ਦਿਤਾ ਹੋਵੇ। ਇਸ ਲਈ ਸੁਚੇਤ ਹੋਣ ਦੀ ਲੋੜ ਹੈ। ਇਸ ਲਈ ਹਰੇਕ ਸਿਖ ਲਈ ਗੁਰੂ ਸਾਹਿਬ ਨੂੰ ਸੰਬੋਧਨ ਕਰਨ ਸਮੇਂ ਸਤਿਕਾਰ ਨਾਲ ਗੁਰੂ ਨਾਨਕ ਸਾਹਿਬ ਹੀ ਉਚਾਰਨਾ ਚਾਹੀਦਾ ਹੈ।

ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਦਾ ਨਾਂ ਗੁਰੂ ਨਾਨਕ ਦੇਵ ਕਰਕੇ ਪਰਚਲਿਤ ਕੀਤਾ ਗਿਆ ਹੈ ਠੀਕ ਉਸੇ ਤਰ੍ਹਾਂ ਗੁਰੂ ਅੰਗਦ ਸਾਹਿਬ ਦਾ ਨਾਂ ਵੀ ਗੁਰੂ ਅੰਗਦ ਦੇਵ ਕਰਕੇ ਪਰਚਲਿਤ ਕੀਤਾ ਗਿਆ ਹੈ। ਇਸ ਦੀ ਸਪੱਸ਼ਟਤਾ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹੇਠ ਲਿਖੇ **੧੫ ਸ਼ਬਦਾਂ** ਤੋਂ ਹੋ ਜਾਂਦੀ ਹੈ।

ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ ॥ ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ ॥ {੯੨੩}

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥ ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ ॥ {੯੬੭}

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥ ਸ੍ਰੀ ਗੁਰੁ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥ {੧੩੯੦}

ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ ॥ ਤਾ ਤੇ ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ ॥ {੧੩੯੫}

ਨਾਨਕ ਕੁਲਿ ਨਿੰਮਲੁ ਅਵਤਰ੍ਯ੍ਯਿਉ ਅੰਗਦ ਲਹਣੇ ਸੰਗਿ ਹੁਅ ॥ ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥੨॥੧੬॥ {੧੩੯੫}

ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ ॥ ਗੁਰ ਰਾਮਦਾਸ ਕਲ੍ਯ੍ਯੁਚਰੈ ਤੈਂ ਅਟਲ ਅਮਰ ਪਦੁ ਪਾਇਓ ॥੫॥ {੧੩੯੭}

ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ ॥ ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ਹ ਹੂ ਰਸੁ ਜਾਣੇ ॥੧੨॥ {੧੩੯੮}

ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥ {੧੩੯੯}
ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥੧॥ {੧੪੦੫, ੧੪੦੬}
ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥ ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ ॥ {੧੪੦੬}
ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥ ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥੧॥ {੧੪੦੬, ੧੪੦੭}
ਗੁਰਿ ਨਾਨਕਿ ਅੰਗਦੁ ਵਰੵਉ ਗੁਰਿ ਅੰਗਦਿ ਅਮਰ ਨਿਧਾਨੁ ॥ ਗੁਰਿ ਰਾਮਦਾਸ ਅਰਜੁਨੁ ਵਰੵਉ ਪਾਰਸੁ ਪਰਸੁ ਪ੍ਰਮਾਣੁ ॥੪॥ {੧੪੦੭}
ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥ ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ ॥੫॥ {੧੪੦੭}
ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥ {੧੪੦੮}
ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ ॥ ਹਰਿਬੰਸ ਜਗਤਿ ਜਸੁ ਸੰਚਰੵਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥੧॥ {੧੪੦੯}

ਉਪਰ ਲਿਖੇ ਸ਼ਬਦ ਸਪੱਸ਼ਟ ਕਰਦੇ ਹਨ ਕਿ ਗੁਰੂ ਗਰੰਥ ਸਾਹਿਬ ਵਿਚ ਗੁਰੂ ਅੰਗਦ ਸਾਹਿਬ ਦਾ ਨਾਂ ਕਦੇ ਵੀ ਗੁਰੂ ਅੰਗਦ ਦੇਵ ਕਰਕੇ ਨਹੀਂ ਆਇਆ ਹੈ।

ਭਾਈ ਗੁਰਦਾਸ ਜੀ ਦੀਆਂ ਹੇਠ ਲਿਖੀਆਂ **੧੭ ਵਾਰਾਂ** ਵਿਚ ਵੀ ਗੁਰੂ ਅੰਗਦ ਸਾਹਿਬ ਦਾ ਜਿਕਰ ਆਇਆ ਹੈ, ਪਰੰਤੂ ਕਦੇ ਵੀ ਦੇਵ ਦੀ ਵਰਤੋਂ ਨਹੀਂ ਕੀਤੀ ਗਈ ਹੈ।

ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ॥ {੧-੩੮-੩}
ਗੁਰ ਨਾਨਕ ਹੰਦੀ ਮੋਹਰ ਹਥ ਗੁਰ ਅੰਗਦ ਦੀ ਦੋਹੀ ਫਿਰਾਈ॥ {੧-੪੬-੨}
ਅੰਗਦ ਅਲਖ ਅਮੇਉ ਸਹਿਜ ਸਮੋਇਆ॥ {੩-੧੨-੨}
ਗੁਰ ਅੰਗਦ ਗੁਰ ਅੰਗ ਤੇ ਸਚ ਸ਼ਬਦ ਸਮੇਉ॥ {੧੩-੨੫-੨}
ਅਮਰਾ ਪਦ ਗੁਰੁ ਅੰਗਦਹੁੰ ਅਤਿ ਅਲਖ ਅਭੇਉ॥ {੧੩-੨੫-੩}
ਬਾਬਾਣੇ ਗੁਰ ਅੰਗਦੁ ਆਇਆ ॥੫॥ {੨੪-੫-੭}
ਗੁਰੁ ਅੰਗਦੁ ਗੁਰੁ ਅੰਗੁਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ॥ {੨੪-੮-੧}
ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ॥ {੨੪-੨੫-੨}
ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ॥ {੨੪-੨੫-੩}
ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ॥ {੨੬-੩੪-੨}
ਅਮਰਦਾਸੁ ਗੁਰ ਅੰਗਦਹੁ ਸਤਿਗੁਰੁ ਤੇ ਸਤਿਗੁਰੂ ਸਦਾਇਆ॥ {੨੬-੩੪-੩}
ਗੁਰੁ ਅੰਗਦੁ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ॥ {੩੮-੨੦-੨}
ਅੰਰਾਪਦੁ ਗੁਰੁ ਅੰਗਦਹੁੰ ਹੁਇ ਜਾਣੁ ਜਣੋਈ॥ {੩੮-੨੦-੩}
ਸਤਿਗੁਰ ਨਾਨਕ ਦੇਉ ਹੈ ਗੁਰੁ ਅੰਗਦੁ ਅੰਗਹੁੰ ਉਪਜਾਇਆ॥ {੩੯-੨-੭}
ਅੰਗਦ ਤੇ ਗੁਰੁ ਅਮਰਪਦ ਅੰਮ੍ਰਿਤ ਰਾਮ ਨਾਮੁ ਗੁਰੁ ਭਾਇਆ॥ {੩੯-੨-੮}
ਅੰਗਦ ਕਉ ਪ੍ਰਭੁ ਅਲਖ ਲਖਾਇਆ॥ {੪੧-੨੧-੨}

ਦੁਤੀਏ ਅੰਗਦ ਹਰਿ ਗੁਣ ਗਾਇਓ॥ {੪੧-੨੧-੪}

ਭਾਈ ਗੁਰਦਾਸ ਜੀ ਦੇ ਹੇਠ ਲਿਖੇ ਇਕ ਕਬਿਤ ਵਿਚ ਵੀ ਗੁਰੂ ਅੰਗਦ ਸਾਹਿਬ ਦਾ ਜਿਕਰ ਆਇਆ ਹੈ ਤੇ ਉਸ ਵਿਚ ਵੀ ਦੇਵ ਦੀ ਵਰਤੋਂ ਨਹੀਂ ਕੀਤੀ ਗਈ ਹੈ।

ਗੁਰ ਅੰਗਦ ਮਿਲਿ ਅੰਗ ਸੰਗ ਮਿਲਿ ਸੰਗ ਉਧਾਰਸ ॥ {੩-੬}

**ਇਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿਤ ਸਪੱਸ਼ਟ ਤੌਰ ਤੇ ਨਿਰਣਾ ਕਰ ਦੇਂਦੇ ਹਨ ਕਿ ਗੁਰੂ ਅੰਗਦ ਸਾਹਿਬ ਦਾ ਨਾਂ, ਕਦੇ ਵੀ ਗੁਰੂ ਅੰਗਦ ਦੇਵ ਕਰਕੇ ਵਰਤੋਂ ਵਿਚ ਨਹੀਂ ਸੀ।** ਇਹ ਬਾਅਦ ਵਿਚ ਪਰਚਲਿਤ ਕੀਤਾ ਗਿਆ ਹੈ। ਇਸ ਲਈ ਇਕ ਸਿੱਖ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਗੁਰੂ ਸਾਹਿਬ ਨੂੰ ਹਮੇਸ਼ਾਂ ਗੁਰੂ ਅੰਗਦ ਸਾਹਿਬ ਕਰਕੇ ਹੀ ਸੰਬੋਧਤ ਕਰੇ।

ਜੇ ਕਰ ਨਾਂ ਦੇ ਨਾਲ ਪਹਿਲਾਂ ਹੀ ਦਾਸ ਹੋਵੇ ਤਾਂ ਉਸ ਦੇ ਨਾਲ ਦਾਸ ਦੇਵ ਲਾ ਕੇ ਪਰਚੱਲਤ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਇਸੇ ਲਈ ਕਿਸੇ ਨੇ ਵੀ ਗੁਰੂ ਅਮਰਦਾਸ ਸਾਹਿਬ ਤੇ ਗੁਰੂ ਰਾਮਦਾਸ ਸਾਹਿਬ ਦੇ ਨਾਂ ਨਾਲ ਦੇਵ ਲਗਾ ਕੇ ਬਦਲਣ ਦੀ ਕੋਸ਼ਿਸ਼ ਨਹੀਂ ਕੀਤੀ।

ਠੀਕ ਇਸੇ ਤਰ੍ਹਾਂ ਕਿਉਂਕਿ ਗੁਰੂ ਅਰਜਨ ਸਾਹਿਬ ਦੇ ਨਾਂ ਨਾਲ ਦਾਸ ਆਦਿ ਨਹੀਂ ਸੀ ਇਸ ਲਈ ਉਨ੍ਹਾਂ ਦੇ ਨਾਂ ਨਾਲ ਵੀ ਦੇਵ ਲਾਉਂਣਾ ਪਰਚੱਲਤ ਕਰ ਦਿਤਾ ਗਿਆ। ਭਾਈ ਬਲਵੰਡਿ ਅਤੇ ਸਤੈ ਨੇ ਆਪਣੀ ਵਾਰ ਵਿਚ ਅਰਜਨ ਨਾਂ ਵਰਤਿਆ ਹੈ ਅਤੇ ਉਸ ਨਾਲ ਦੇਵ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਹੈ।

ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥ {੯੬੮}

ਭੱਟਾਂ ਨੇ ਆਪਣੀ ਰਚਨਾ ਵਿਚ ਅਰਜੁਨ ਵਰਤਿਆ ਹੈ ਅਤੇ ਉਸ ਨਾਲ ਦੇਵ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਹੈ। ਹੇਠ ਲਿਖੇ **੧੮** ਸ਼ਬਦ ਇਸ ਦਾ ਪਰਮਾਣ ਹਨ।

ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥ ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥ ਸਗਲ ਮਨੋਰਥ ਪੂਰੀ ਆਸਾ ॥ ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥ ਕਲ੍ਯ ਜੋੜਿ ਕਰ ਸੁਜਸੁ ਵਖਾਣਿਓ ॥ ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥ {੧੪੦੬, ੧੪੦੭}

ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥ ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥ ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥੧॥ {੧੪੦੬, ੧੪੦੭}

ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਨਭਉ ਠਹਰਾਯਉ ॥੨॥ {੧੪੦੭}

ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ ॥੩॥ {੧੪੦੭}

ਗੁਰਿ ਰਾਮਦਾਸ ਅਰਜੁਨੁ ਵਰੵਉ ਪਾਰਸੁ ਪਰਸੁ ਪ੍ਰਮਾਣੁ ॥੪॥ ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥ {੧੪੦੭}

ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧਜਾ ਅਰਜੁਨੁ ਹਰਿ ਭਗਤਾ ॥੬॥ {੧੪੦੭}

ਗੁਰ ਅਰਜੁਨ ਕਲੁਚਰੈ ਤੈ ਰਾਜ ਜੋਗ ਰਸੁ ਜਾਣਿਅਉ ॥੭॥ {੧੪੦੭, ੧੪੦੮}

ਗੁਰ ਅਰਜੁਨ ਕਲੁਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ ॥੮॥ {੧੪੦੮}

ਗੁਰ ਅਰਜੁਨ ਕਲੁਚਰੈ ਤੈ ਜਨਕਹ ਕਲਸੁ ਦੀਪਾਇਅਉ ॥੯॥ {੧੪੦੮}

ਸੋਰਠੇ ॥ ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ ॥ ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥੧॥ {੧੪੦੮}

ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥ {੧੪੦੮}
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥ {੧੪੦੮}
ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥੩॥ {੧੪੦੮, ੧੪੦੯}
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥ {੧੪੦੯}
ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥ {੧੪੦੯}
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ ॥੭॥੧੯॥ {੧੪੦੯}
ਗੁਰ ਅਰਜੁਨ ਸਿਰਿ ਛਤ੍ਰ ਆਪਿ ਪਰਮੇਸਰਿ ਦੀਅਉ ॥ {੧੪੦੯}
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥ {੧੪੦੯}

ਭੱਟਾਂ ਨੇ ਆਪਣੀ ਰਚਨਾ ਵਿਚ ਸਿਰਫ ਇਕ ਵਾਰੀ ਅਰਜੁਨ ਦੇਵ ਵਰਤਿਆ ਹੈ ਅਤੇ ਉਨ੍ਹਾਂ ਦਾ ਮੰਤਵ ਗੁਰੂ ਅਰਜਨ ਸਾਹਿਬ ਨੂੰ ਇਕ ਅਵਤਾਰ ਜਾਂ ਦੇਵਤੇ, ਭਾਵ ਗੁਰੂ ਜਾਂ ਗੁਰਮੁਖਿ ਦੇ ਰੂਪ ਵਿਚ ਪੇਸ਼ ਕਰਨਾ ਹੈ, ਜਿਨ੍ਹਾਂ ਸਦਕਾ ਭੱਟਾਂ ਦੇ ਜੀਵਨ ਵਿਚ ਪ੍ਰਕਾਸ਼ ਆਇਆ। ਇਥੇ ਵੀ ਗੁਰੂ ਅਰਜਨ ਸਾਹਿਬ ਨੂੰ "ਗੁਰ ਨਾਨਕ ਦੇਵ ਗੋਵਿੰਦ ਰੂਪ" ਸਾਬਤ ਕਰਨ ਦਾ ਮੰਤਵ ਹੀ ਹੈ।

ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥ {੧੪੦੯}

ਭਾਈ ਗੁਰਦਾਸ ਜੀ ਦੀਆਂ ਹੇਠ ਲਿਖੀਆਂ **੧੪ ਵਾਰਾਂ** ਵਿਚ ਵੀ ਗੁਰੂ ਅਰਜਨ ਸਾਹਿਬ ਦਾ ਜਿਕਰ ਆਇਆ ਹੈ, {ਅਰਜਨੇ, ਅਰਜਨ, ਅਰਜਨੁ, ਅਰਜਨਹੁ, ਅਰਜਨਹੁੰ} ਪਰੰਤੂ ਕਦੇ ਵੀ ਦੇਵ ਦੀ ਵਰਤੋਂ ਨਹੀਂ ਕੀਤੀ ਗਈ ਹੈ।

ਫਿਰ ਆਈ ਘਰ ਅਰਜਨੇ ਪੁਤ ਸੰਸਾਰੀ ਗੁਰੂ ਕਹਾਵੈ॥ {੧-੪੭-੬}
ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥ ਅਰਜਨ ਕਾਇਆਂ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ॥ {੧-੪੮-੨}
ਗੁਰ ਅਰਜਨ ਕਰ ਸੇਉ ਢੋਐ ਢੋਇਆ॥ {੩-੧੨-੫}
ਰਾਮਦਾਸ ਅਰਜਨ ਗੁਰੂ ਅਬਿਚਲ ਅਰਖੇਉ॥ {੧੩-੨੫-੫}
ਗੁਰੁ ਅਰਜਨੁ ਗੁਰਸਿਖੁ ਪਰਗਟੀ ਆਇਆ॥ {੨੦-੧-੬}
ਗੁਰੂ ਅਰਜਨੁ ਸਚੁ ਸਿਰਜਣਹਾਰਾ ॥18॥ {੨੪-੧੮-੭}
ਗੁਰ ਅਰਜਨ ਵਿਟਹੁ ਕੁਰਬਾਣੀ ॥23॥ {੨੪-੨੩-੬}
ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ॥ {੨੪-੨੫-੫}
ਹਰਿਗੋਬਿੰਦ ਗੁਰ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ॥ {੨੪-੨੫-੬}
ਹਰਿ ਗੋਵਿੰਦੁ ਗੁਰੁ ਅਰਜਨਹੁ ਆਦਿ ਪੁਰਖ ਆਦੇਸੁ ਕਰਾਇਆ॥ {੨੬-੩੪-੬}
ਰਾਮਦਾਸਹੁੰ ਅਰਜਨ ਗੁਰੂ ਗੁਰੁ ਸਬਦ ਸਥੋਈ॥ {੩੮-੨੦-੫}
ਹਰਿਗੋਵਿੰਦ ਗੁਰੁ ਅਰਜਨਹੁੰ ਗੁਰੁ ਗੋਵਿੰਦੁ ਹੋਈ॥ {੩੮-੨੦-੬}
ਰਾਮਦਾਸ ਗੁਰੁ ਅਰਜਨ ਛਾਇਆ ॥2॥ {੩੯-੨-੯}
ਗੁਰੂ ਅਰਜਨ ਪੰਚਮ ਠਹਰਾਇਓ॥ {੪੧-੨੧-੧੧}

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ **ਅਰਜਨ ਦੇਵ ਸਬਦ ਕਦੇ ਵੀ ਨਹੀਂ ਵਰਤਿਆ ਗਿਆ ਹੈ।**

ਬਾਕੀ ਦੇ ਗੁਰੂ ਸਾਹਿਬਾਂ ਦੇ ਨਾਂ ਨਾਲ ਪਹਿਲਾਂ ਹੀ ਗੋਬਿੰਦ {ਗੁਰੂ ਹਰਿਗੋਬਿੰਦ ਸਾਹਿਬ}, ਰਾਏ {ਗੁਰੂ ਹਰਿਰਾਏ ਸਾਹਿਬ}, ਕਿਸ਼ਨ {ਗੁਰੂ ਹਰਿਕਿਸ਼ਨ ਸਾਹਿਬ}, ਬਹਾਦਰ {ਗੁਰੂ ਤੇਗ ਬਹਾਦਰ ਸਾਹਿਬ}, ਸਿੰਘ {ਗੁਰੂ ਗੋਬਿੰਦ ਸਿੰਘ ਸਾਹਿਬ} ਸੀ। ਇਸ ਲਈ ਉਸ ਦੇ ਨਾਲ ਦੇਵ ਲਾ ਕੇ ਪਰਚਲਤ ਕਰਨਾ ਅਸੰਭਵ ਸੀ। ਜਿਸ ਕਰਕੇ ਦੇਵ ਲਗਾ ਕੇ ਬਦਲਣ ਦੀ ਕੋਸ਼ਿਸ ਨਹੀਂ ਕੀਤੀ ਗਈ।

ਆਮ ਵਿਅਕਤੀ ਦੇ ਨਾਂ ਦਾ ਜੇ ਕਰ ਇਕ ਅੱਖਰ {ਸਪੈਲਿੰਗ} ਵੀ ਬਦਲ ਦਿਤਾ ਜਾਵੇ ਤਾਂ ਉਹ ਬਹੁਤ ਬੁਰਾ ਮਨਾਉਂਦਾ ਹੈ। ਅਸੀਂ ਤਾਂ ਪੂਰੇ ਨਾਂ ਵਿਚ ਹੀ ਤਬਦੀਲੀ ਕਰੀ ਜਾ ਰਹੇ ਹਾਂ। ਜੇ ਕਰ ਕੋਈ ਦੂਸਰੇ ਆ ਕੇ ਸਾਡੇ ਧਰਮ ਵਿਚ ਬਦਲਾਵ ਕਰਨ ਦੀ ਕੋਸ਼ਿਸ਼ ਕਰਦੇ ਹਨ, ਤਾਂ ਵੀ ਅਸੀਂ ਸੁਤੇ ਹੀ ਰਹਿੰਦੇ ਹਾਂ। ਗੁਰੂ ਸਾਹਿਬ ਤਾਂ ਹਮੇਸ਼ਾਂ ਜਾਗਦੇ ਤੇ ਸੁਚੇਤ ਰਹਿਣ ਲਈ ਸਿਖਿਆ ਦੇਂਦੇ ਹਨ।

**ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥ ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥ {੩੪}**

ਅਜੇਹਾ ਨਾ ਹੋਵੇ ਕਿ ਅਸੀਂ ਸੁਤੇ ਹੀ ਰਹਿ ਜਾਈਏ। ਸਾਡੇ ਇਤਿਹਾਸ ਵਿਚ ਪਹਿਲਾਂ ਹੀ ਬਹੁਤ ਸਾਰੀ ਮਿਲਾਵਟ ਹੋ ਚੁਕੀ ਹੈ। ਕਿਉਂਕਿ ਸਿੱਖ ਇਤਿਹਾਸ ਲਿਖਣ ਵਾਲੇ ਸਿੱਖ ਨਹੀਂ ਸਨ। ਜੇ ਕਰ ਸਿੱਖ ਇਤਿਹਾਸ ਬਣਾ ਸਕਦੇ ਹਨ, ਤਾਂ ਉਤਨਾਂ ਹੀ ਜਰੂਰੀ ਹੋ ਜਾਂਦਾ ਹੈ ਕਿ ਸਿੱਖ ਆਪਣਾ ਇਤਿਹਾਸ ਆਪ ਪੜ੍ਹਨ ਤੇ ਆਪ ਹੀ ਲਿਖਣ। ਗੁਰੂ ਸਾਹਿਬ ਤਾਂ ਸਾਨੂੰ ਰੋਜਾਨਾ ਆਸਾ ਕੀ ਵਾਰ ਦੇ ਕੀਰਤਨ ਵਿਚ ਇਹੀ ਸਿਖਿਆ ਦੇਂਦੇ ਹਨ।

**ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ {੪੭੪}**

ਇਹ ਸਭ ਪ੍ਰਮਾਣ ਇਹੀ ਮਾਰਗ ਦੱਸਦੇ ਹਨ ਕਿ ਸਾਨੂੰ ਹਰੇਕ ਕਾਰਜ ਸੁਚੇਤ ਰਹਿ ਕੇ ਅਤੇ **ਗੁਰੂ ਗਰੰਥ ਸਾਹਿਬ** ਵਿਚੋਂ ਪੂਰੀ ਤਰ੍ਹਾਂ ਖੋਜ ਕਰਕੇ ਕਰਨਾ ਚਾਹੀਦਾ ਹੈ। ਸਾਡੇ ਕੋਲ ਸਿਰਫ ਗੁਰੂ ਗਰੰਥ ਸਾਹਿਬ ਹੀ ਸਹੀ ਰੂਪ ਵਿਚ ਬਚੇ ਹਨ। ਇਸ ਲਈ ਹਰੇਕ ਸਿੱਖ ਦਾ ਫਰਜ਼ ਬਣ ਜਾਂਦਾ ਹੈ ਕਿ ਇਸ ਵਿਚ ਕਿਸੇ ਤਰ੍ਹਾਂ ਦਾ ਮਿਲਾਵਟ ਨਾ ਹੋਣ ਦੇਵੇ। ਕੱਚੀ ਬਾਣੀ ਤੋਂ ਦੂਰ ਰਹੋ, ਸੱਚੀ ਬਾਣੀ ਪੜ੍ਹੋ ਤੇ ਉਸ ਅਨੁਸਾਰ ਜੀਵਨ ਨੂੰ ਢਾਲੋ। ਆਪ ਸੱਚ ਨਾਲ ਜੁੜੋ ਤੇ ਦੂਸਰਿਆਂ ਨੂੰ ਸਹੀ ਜੀਵਨ ਜਾਚ ਲਈ ਪ੍ਰੇਰਨਾ ਕਰੋ।

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥ {੩੦੫}**

ਇਸ ਲਈ ਗੁਰੂ ਸਾਹਿਬਾਂ ਨੂੰ ਸੰਬੋਧਨ ਕਰਨ ਸਮੇਂ ਸਤਿਕਾਰ ਨਾਲ ਗੁਰੂ **ਨਾਨਕ** ਸਾਹਿਬ, ਗੁਰੂ **ਅੰਗਦ** ਸਾਹਿਬ, ਗੁਰੂ **ਅਮਰਦਾਸ** ਸਾਹਿਬ, ਗੁਰੂ **ਰਾਮਦਾਸ** ਸਾਹਿਬ, ਗੁਰੂ **ਅਰਜਨ** ਸਾਹਿਬ, ਗੁਰੂ **ਹਰਿਗੋਬਿੰਦ** ਸਾਹਿਬ, ਗੁਰੂ **ਹਰਿਰਾਏ** ਸਾਹਿਬ, ਗੁਰੂ **ਹਰਿਕਿਸ਼ਨ** ਸਾਹਿਬ, ਗੁਰੂ **ਤੇਗ ਬਹਾਦਰ** ਸਾਹਿਬ, ਗੁਰੂ **ਗੋਬਿੰਦ ਸਿੰਘ** ਸਾਹਿਬ ਅਤੇ ਜੁਗੋ ਜੁਗ ਅਟੱਲ **ਗੁਰੂ ਗਰੰਥ ਸਾਹਿਬ** ਹੀ ਵਰਤਣਾ ਚਾਹੀਦਾ ਹੈ।

ਇਹ ਸੰਸਾਰ ਉਸ ਅਕਾਲ ਪੁਰਖੁ ਦੇ ਰਹਿਣ ਦੀ ਥਾਂ ਹੈ, ਤੇ ਉਹ ਇਸ ਵਿਚ ਵੱਸ ਰਿਹਾ ਹੈ। ਕਈ ਜੀਵਾਂ ਨੂੰ ਉਹ ਆਪਣੇ ਹੁਕਮ ਅਨੁਸਾਰ ਇਸ ਸੰਸਾਰ-ਸਾਗਰ ਵਿਚੋਂ ਬਚਾ ਕੇ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ ਅਤੇ ਕਈ ਜੀਵਾਂ ਨੂੰ ਆਪਣੇ ਹੁਕਮ ਅਨੁਸਾਰ ਹੀ ਇਸੇ ਵਿਚ ਡੋਬ ਦੇਂਦਾ ਹੈ। ਕਈ ਜੀਵਾਂ ਨੂੰ ਆਪਣੀ ਰਜ਼ਾ ਅਨੁਸਾਰ ਮਾਇਆ ਦੇ ਮੋਹ ਵਿਚੋਂ ਕੱਢ ਲੈਂਦਾ ਹੈ, ਕਈਆਂ ਨੂੰ ਇਸੇ ਵਿਚ ਫਸਾਈ ਰੱਖਦਾ ਹੈ। ਇਹ ਗੱਲ ਵੀ ਦੱਸੀ ਨਹੀਂ ਜਾ ਸਕਦੀ ਕਿ ਅਕਾਲ ਪੁਰਖੁ ਕਿਸ ਨੂੰ ਗੁਰਮਤਿ ਦੇ ਰਸਤੇ ਤੇ ਤੋਰ ਕੇ ਉਸ ਦਾ ਪਾਰ ਉਤਾਰਾ ਕਰ ਦੇਂਦਾ ਹੈ। ਗੁਰਮਤਿ ਦੇ ਰਸਤੇ ਤੇ ਉਹੀ ਵਡਭਾਗੀ ਮਨੁੱਖ ਚਲ ਸਕਦਾ ਹੈ, ਜਿਸ ਨੂੰ ਗੁਰੂ ਦੀ ਬਾਣੀ ਰਾਹੀਂ ਗਿਆਨ ਪ੍ਰਾਪਤ ਹੁੰਦਾ ਹੈ।

**ਮਹਲਾ ੨ ॥ ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥ ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥ ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥ ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥ {੪੬੩}**

ਇਤਿਹਾਸ ਇਕ ਕੁਦਰਤ ਦੀ ਉਹ ਸਚਾਈ ਹੈ। ਜਿਸ ਨੂੰ ਅਸੀਂ ਵੇਖ ਸਕਦੇ ਹਾਂ, ਸੁਣ ਸਕਦੇ ਹਾਂ, ਤੇ ਜੀਵਨ ਦੀ ਸੇਧ ਲਈ ਵਰਤ ਸਕਦੇ ਹਾਂ। ਪਰੰਤੂ, ਉਹ ਤਾਂ ਹੀ ਸੰਭਵ ਹੈ ਜੇ ਕਰ ਸਹੀ ਇਤਿਹਾਸ ਨੂੰ ਜਾਣਿਆ ਤੇ ਸਮਝਿਆ ਜਾਵੇ, ਨਹੀਂ ਤਾਂ ਸੱਚ ਦੇ ਮਾਰਗ ਦਾ, ਨਾ ਤਾਂ ਪਤਾ ਲੱਗੇਗਾ ਤੇ ਨਾ ਹੀ ਉਸ ਉਪਰ ਚਲ ਸਕਾਂਗੇ। ਇਹ ਤਾਂ ਹੀ ਸੰਭਵ ਹੈ ਜੇ ਕਰ ਹੇਠ ਲਿਖੇ ਸਲੋਕ ਨੂੰ ਸਮਝੀਏ ਤੇ ਆਪਣੇ ਜੀਵਨ ਵਿਚ ਅਪਨਾਈਏ।

**ਮਃ ੧ ॥ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ ੨ ॥ {੪੬੮}**

"ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫਤਿਹ"

ਤਤਕਰਾ

# ਗੁਰੂ ਨਾਨਕ ਸਾਹਿਬ ਨੂੰ ਤਾਂ ੧੦੦ ਤੋਂ ਵੱਧ ਭਾਸ਼ਾਵਾਂ ਤੇ ਬਹੁਤ ਸਾਰੇ ਵਿਸ਼ਿਆਂ ਬਾਰੇ ਗਿਆਨ ਸੀ, ਸਾਨੂੰ ਕਿਨਾਂ ਕੁ ਹੈ?

## Guru Nanak Sahib knew more than hundred languages and many subjects. How much do we know?

{24.11.2012}

ਗੁਰੂ ਨਾਨਕ ਸਾਹਿਬ ਮਨੁੱਖਤਾ ਨੂੰ ਸਹੀ ਰਸਤੇ ਤੇ ਪਾਉਂਣ ਲਈ ਆਪਣੀਆਂ ੫ ਉਦਾਸੀਆਂ ਵਿਚ ਬਹੁਤ ਸਾਰੀਆਂ ਥਾਂਵਾਂ ਤੇ ਗਏ ਅਤੇ ਲੋਕਾਂ ਨੂੰ ਅਕਾਲ ਪੁਰਖੁ ਦੇ ਗੁਣਾਂ ਨੂੰ ਅਪਨਾ ਕੇ ਆਪਣਾ ਮਨੁੱਖਾ ਜੀਵਨ ਸਫਲ ਕਰਨ ਲਈ ਮਾਰਗ ਦਰਸ਼ਨ ਕੀਤਾ। ਗੁਰੂ ਨਾਨਕ ਸਾਹਿਬ ਆਮ ਲੋਕਾਂ ਤੇ ਵੱਖ ਵੱਖ ਫਿਰਕਿਆਂ ਜਾਂ ਮਜ਼ਬਾਂ ਦੇ ਆਗੂਆਂ ਨੂੰ ਮਿਲਦੇ ਤੇ ਅਕਾਲ ਪੁਰਖੁ ਨੂੰ ਪਾਉਂਣ ਦਾ ਸਰਲ ਤੇ ਸਪੱਸ਼ਟ ਤਰੀਕਾ ਸਮਝਾਉਂਦੇ। ਜੇਕਰ ਕਿਸੇ ਵੀ ਦੂਸਰੇ ਮਨੁੱਖ ਨਾਲ ਕੋਈ ਗੱਲਬਾਤ ਕਰਨੀ ਹੋਵੇ, ਤਾਂ ਉਸ ਦੀ ਵਿਚਾਰਧਾਰਾ ਤੇ ਭਾਸ਼ਾ ਦਾ ਗਿਆਨ ਹੋਣਾ ਬਹੁਤ ਜਰੂਰੀ ਹੈ। ਇਸ ਲਈ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਜਿਥੇ ਵੀ ਜਾਂਦੇ ਹੋਣਗੇ, ਪਹਿਲਾਂ ਉਥੋਂ ਦੇ ਲੋਕਾਂ ਤੇ ਹੋਰ ਹੋਰ ਤਰ੍ਹਾਂ ਦੇ ਫਿਰਕਿਆਂ ਦੀਆਂ ਭਾਸ਼ਾਂਵਾਂ ਤੇ ਉਨ੍ਹਾਂ ਦੀਆਂ ਰਵਾਇਤਾਂ ਬਾਰੇ ਗਿਆਨ ਤੇ ਪੂਰੀ ਜਾਣਕਾਰੀ ਹਾਸਲ ਕਰਦੇ ਹੋਣਗੇ, ਜਿਸ ਸਦਕਾ ਉਹ ਮਨੁੱਖਤਾ ਨੂੰ ਜੀਵਨ ਦਾ ਸਹੀ ਮਾਰਗ ਸਮਝਾਉਂਣ ਵਿਚ ਸਫਲ ਹੋਏ।

ਗੁਰੂ ਨਾਨਕ ਸਾਹਿਬ ਨੇ ਆਪਣੀਆਂ ਸਾਰੀਆਂ ਉਦਾਸੀਆਂ ਦੁਰਾਨ ਜਿਆਦਾਤਰ ਪੈਦਲ ਸਫਰ ਕੀਤਾ, ਜਾਂ ਕਿਤੇ ਕਿਤੇ ਬੇੜੀਆਂ ਜਾਂ ਬੇੜਿਆਂ ਰਾਹੀਂ ਗਏ ਹੋਣਗੇ। ਆਪਣੇ ਸਾਥੀ ਭਾਈ ਮਰਦਾਨਾ ਜੀ ਨਾਲ ਉਨ੍ਹਾਂ ਨੇ ਚਾਰੇ ਦਿਸ਼ਾਵਾਂ {ਉੱਤਰ, ਪੂਰਬ, ਪੱਛਮ ਤੇ ਦੱਖਣ} ਵਿਚ ਸਫਰ ਕੀਤਾ, ਜੋ ਕਿ ੨੮,੦੦੦ ਕਿਲੋਮੀਟਰ ਦੇ ਕਰੀਬ ਬਣਦਾ ਹੈ। ਅੰਦਾਜ਼ਨ ਉਨ੍ਹਾਂ ਨੇ ਇਹ ਸਫਰ ੧੫੦੦ ਤੋਂ ੧੫੨੪ ਦੇ ਦੁਰਾਨ ਕੀਤਾ। ਆਮ ਤੌਰ ਤੇ ਕਿਹਾ ਜਾਂਦਾ ਹੈ, ਕਿ ਬੋਲੀ ੧੨ ਕੋਹਾਂ ਤੇ ਬਦਲ ਜਾਂਦੀ ਹੈ। ਜੇ ਕਰ ੧੨ ਕੋਹਾਂ ਦੀ ਬਜਾਏ ੧੦੦ ਕਿਲੋਮੀਟਰ ਵੀ ਲਿਆ ਜਾਵੇ ਤਾਂ ਹਿਸਾਬ ਮੁਤਾਬਕ ਗੁਰੂ ਨਾਨਕ ਸਾਹਿਬ ਨੂੰ ੨੮੦ ਤੋਂ ਵੱਧ ਭਾਸ਼ਾਵਾਂ ਦਾ ਗਿਆਨ ਸੀ।

ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਬਾਰੇ ਹੇਠ ਲਿਖੇ ਹਵਾਲੇ ਤੋਂ ਜਾਣਕਾਰੀ ਲਈ ਗਈ ਹੈ।

http://www.sikhiwiki.org/index.php/The_Udasis_of_Guru_Nanak

ਗੁਰੂ ਨਾਨਕ ਸਾਹਿਬ ਆਪਣੀ ਪਹਿਲੀ ਉਦਾਸੀ ਵਿਚ ਸੁਲਤਾਨਪੁਰ, ਤੁਲੰਬਾ {ਮਖਦੂਮਪੁਰ}, ਹਰਦੁਆਰ, ਪਾਨੀਪਤ, ਦਿੱਲੀ, ਅਯੁਧਿਆ, ਬਨਾਰਸ, ਨਾਨਕਮੱਤਾ {ਨੈਨੀਤਾਲ}, ਟਾਂਡਾ ਵਣਜਾਰਾ {ਰਾਮਪੁਰ}, ਗਇਆ {ਪਟਨਾ}, ਹਾਜੀਪੁਰ, ਕੰਤਨਗਰ, ਮਾਲਦਾ, ਦੁਬਰੀ {ਆਸਾਮ}, ਕਾਮਰੂਪ {ਆਸਾਮ}, ਆਸਾਦੇਸ {ਆਸਾਮ}, ਗੁਹਾਟੀ, ਸ਼ਿਲਾਂਗ, ਸਿਲਹਟ, ਕੋਲਕੱਤਾ, ਕੱਟਕ, ਪੁਰੀ, ਸੈਦਪੁਰ, {ਐਮਨਾਬਾਦ}, ਪਸਰੂਰ {ਪਾਕਿਸਤਾਨ}, ਸਿਆਲਕੋਟ {ਪਾਕਿਸਤਾਨ}, ਆਦਿ ਥਾਂਵਾਂ ਤੇ ਗਏ।

ਗੁਰੂ ਨਾਨਕ ਸਾਹਿਬ ਆਪਣੀ ਦੂਸਰੀ ਉਦਾਸੀ ਵਿਚ ਦੱਖਣ ਵੱਲ ਵਿਜੇਵਾੜਾ, ਗੁੰਟੂਰ {ਆਂਧਰਾ ਪ੍ਰਦੇਸ਼}, ਨਾਗਾਪਟਨਮ, ਕਾਂਚੀਪੁਰਮ, ਤੀਰੁਵਨਮਾਲਾ, ਤ੍ਰਿਚਨਾਪਲੀ, ਤਰਾਈਵਨਮਾਲੇ, ਰਾਮੇਸ਼ਵਰਮ {ਤਾਮਿਲਨਾਡੂ}, ਮੱਟੀਆਕਲਮ, ਕਾਤਾਰਗਾਮਾ, ਬੱਟੀਕੋਲਾ, ਸੀਤਾ ਇਲਿਆ {ਸ੍ਰੀ ਲੰਕਾ}, ਕੋਚੀਨ, ਪਲਘਾਟ, ਨੀਲ ਗਿਰੀ ਪਹਾੜੀਆਂ, ਰੰਗਾਪਤਨ, ਬਿਦਰ {ਕਰਨਾਟਕਾ}, ਨੰਦੇੜ, ਨਰਸੀ ਬਾਮਨੀ, ਬਰਸੀ {ਸ਼ੋਲਾਪੁਰ}, ਨਾਸਿਕ, ਪੂੰਨਾ, ਅਮਰਨਾਥ, ਨਾਸਿਕ, ਆਰੰਗਾਬਾਦ {ਮਹਾਂਰਾਸ਼ਟਰਾ}, ਓਮਕਾਰੇਸ਼ਵਰ, ਬੇਟਮਾਂ {ਇੰਦੌਰ}, ਬੁਰਹਾਨਪੁਰ {ਖੰਡਵਾ}, ਗਵਾਰੀਘਾਟ, ਇੰਦੌਰ, ਉਜੈਨ {ਮੱਧਪ੍ਰਦੇਸ਼}, ਪਲੀਟਾਨਾ, ਦਵਾਰਕਾ, ਬੇਟ ਦਵਾਰਕਾ, ਕੱਛ, ਭੜੂਚ, ਜੂਨਾਂਗੜ੍ਹ, ਬੜੋਦਾ {ਗੁਜਰਾਤ}, ਜਬਲਪੁਰ, ਚਿਤਰਾਕੂਟ, ਰਿਖਾਨਪੁਰ, ਪੁਸ਼ਕਰ, ਅਜਮੇਰ, ਸੋਮਨਾਥ ਮੰਦਰ, ਦਵਾਰਕਾ, ਆਦਿ ਥਾਂਵਾਂ ਤੇ ਗਏ।

ਗੁਰੂ ਨਾਨਕ ਸਾਹਿਬ ਆਪਣੀ ਤੀਸਰੀ ਉਦਾਸੀ ਵਿਚ ਊਨਾਂ, ਮੰਡੀ, ਰਾਵਾਲਸਰ, ਕੁੱਲੂ, ਮਨੀਕਰਨ, ਮਾਂਊਟ ਕਾਗ ਬਾਸੁੰਦ, ਗੜਵਾਲ, ਹਰਦਵਾਰ, ਨਾਨਕ ਮੱਤਾ, ਟਾਂਡਾ, ਸ੍ਰੀਨਗਰ, ਕੱਠਮੰਡੂ {ਨੈਪਾਲ}, ਚੁੰਗਤੰਗ {ਸਿਕਮ},

ਲਹਾਸ਼ਾ {ਤਿੱਬਤ}, ਸੁਮੇਰ ਪਰਬਤ, ਲੇਹ, ਅਨੰਤਨਾਗ, ਮੱਟਨ, ਬਾਰਾਮੁੱਲਾ, ਬੇਰਵਾਹ {ਬੁੱਡਗਮ}, ਮਾਨਸਰੋਵਰ, ਤਿੱਬਤ, ਚੀਨ, ਲਦਾਖ, ਜੰਮੂ ਕਸ਼ਮੀਰ, ਸ੍ਰੀਨਗਰ, ਅਨੰਤਨਾਗ, ਮਟਨ, {ਮਾਰਤੰਡ}, ਆਦਿ ਥਾਂਵਾਂ ਤੇ ਗਏ।

ਗੁਰੂ ਨਾਨਕ ਸਾਹਿਬ ਆਪਣੀ ਚੌਥੀ ਉਦਾਸੀ ਵਿਚ ਮੁਲਤਾਨ, ਲਖਪੱਤ, ਕਰਾਚੀ, ਅਦਨ, ਜੇਦਾ, ਅਲ ਮੱਕਾ, ਮਦੀਨਾ, ਬਗਦਾਦ, ਬਸਰਾ, ਕਰਬਲਾ, ਬੁਸ਼ੇਹਰ, ਖੋਰਮ ਸ਼ਹਰ, ਤੈਹਰਾਨ, ਅਸ਼ਗਾਬਾਦ, ਉਰਗੈਚ, ਬੁਖਾਰਾ, ਸਮਰਕੰਦ, ਕੰਧਾਰ, ਕਾਬਲ, ਹਸਨ ਅਬਦਲ, ਜਲਾਲਾਬਾਦ, ਪਾਕਪਟਨ {ਸੋਮਾਈਨੀ}, ਜੇਦਾਹ, ਮੱਕਾ, ਮਦੀਨਾ, ਕੁਵੈਤ, ਬਸਰਾ, ਬਗਦਾਦ, ਈਰਾਨ, ਕਾਬਲ, ਪੇਸ਼ਾਵਰ, ਪੰਜਾਬ, ਪਾਕਪਟਨ, ਸਾਉਦੀ ਅਰੇਬੀਆ, ਟਰਕੀ, ਗਰੀਸ, ਆਦਿ ਥਾਂਵਾਂ ਤੇ ਗਏ।

ਗੁਰੂ ਨਾਨਕ ਸਾਹਿਬ ਨੇ ਆਪਣੀ ਪੰਜਵੀ ਉਦਾਸੀ ਵਿਚ ਕਰਤਾਰਪੁਰ ਦੇ ਆਸ ਪਾਸ ਪੰਜਾਬ ਦਾ ਦੌਰਾ ਕੀਤਾ

Note: I have tried to contact the author {http://www.sikhiwiki.org/index.php/The_Udasis_of_Guru_Nanak} {S.Hari Singh} by email {December 9, 2014} to know about the sources of information which he had used and how much authentic each source is? But I did not get any reply to that. However, all the information he has tried to take from Janamsakhi's. I have added the information from SGPC and S. Ganda Singh also. In order to have idea about the number of languages we need the estimate of locations only. So for the present purpose we can take the information as reliable.

ਗੁਰੂ ਨਾਨਕ ਸਾਹਿਬ ਨੇ ਆਪਣੀ ਸਾਰੀਆਂ ਉਦਾਸੀਆਂ ਦੇ ਦੌਰਾਨ ਹੁਣ ਦੇ ਭਾਰਤ ਦੀਆਂ ਲੱਗਭੱਗ ਸਾਰੀਆਂ ਸਟੇਟਾਂ ਵਿਚ ਗਏ। ਜਿਸ ਤਰ੍ਹਾਂ ਕਿ ਪੰਜਾਬ, ਹਰਿਆਨਾ, ਹਿਮਾਚਲ ਪ੍ਰਦੇਸ, ਦਿੱਲੀ, ਉੱਤਰਾਖੰਡ, ਉੱਤਰ ਪ੍ਰਦੇਸ, ਬਿਹਾਰ, ਬੰਗਾਲ, ਆਸਾਮ, ਰਾਜਿਸਥਾਨ, ਮੱਧਪ੍ਰਦੇਸ਼, ਛਤੀਸਗੜ੍ਹ, ਗੁਜਰਾਤ, ਮਹਾਰਾਸ਼ਟਰਾ, ਆਂਧਰਾ ਪ੍ਰਦੇਸ਼, ਉੜੀਸਾ, ਕਰਨਾਟਕਾ, ਕੇਰਲਾ, ਤਾਮਿਲਨਾਡੂ, ਆਦਿ।

ਪੰਜਾਬ ਨੂੰ ਆਮ ਤੌਰ ਤੇ ਚਾਰ ਹਿਸਿਆਂ ਵਿਚ ਵੰਡਿਆ ਜਾਂਦਾ ਹੈ, ਮਾਝਾ, ਦੁਆਬਾ, ਮਾਲਵਾ ਤੇ ਝਨਾਬ। ਜੇ ਕਰ ਪੰਜਾਬ ਦੀਆਂ ੪ ਭਾਸ਼ਾਵਾਂ ਗਿਣ ਲਈਆਂ ਜਾਣ ਤਾਂ ਭਾਰਤ ਦੀਆਂ ੧੯ ਸਟੇਟਾਂ ਅਨੁਸਾਰ ਲੱਗਭੱਗ ੭੬ {=੧੯*੪} ਭਾਸ਼ਾਵਾਂ ਦੀ ਗਿਣਤੀ ਬਣਦੀ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਸਾਰੀਆਂ ਉਦਾਸੀਆਂ ਦੇ ਦੌਰਾਨ ਹੁਣ ਦੀ ਦੁਨੀਆਂ ਦੇ ਲੱਗਭਗ ਇਨ੍ਹਾਂ ਦੇਸ਼ਾਂ ਵਿਚ ਗਏ। ਜਿਸ ਤਰ੍ਹਾਂ ਕਿ ਪਾਕਿਸਤਾਨ {੧੨}, ਸ੍ਰੀ ਲੰਕਾ {੫}, ਨੈਪਾਲ {੪}, ਸਿਕਮ {੯}, ਤਿੱਬਤ {੨੫}, ਬੰਗਲਾਦੇਸ {੪}, ਚੀਨ {੮}, ਅਫਗਾਨਿਸਤਾਨ {੮}, ਈਰਾਨ {੭}, ਈਰਾਕ {੭}, ਕੁਵੈਤ {੧}, ਟਰਕੀ {੧}, ਸਾਊਦੀ ਅਰੇਬੀਆਂ {੯}, ਆਦਿ। ਇਨ੍ਹਾਂ ਵੱਖ ਵੱਖ ਦੇਸ਼ਾਂ ਵਿਚ ਅੱਜਕਲ ਦੇ ਸਮੇਂ ਵਿਚ ਹੇਠ ਲਿਖੀਆਂ ਜਿਆਦਾ ਬੋਲਣ ਵਾਲੀਆਂ ਭਾਸ਼ਾਵਾ ਹਨ; ਜਿਨ੍ਹਾਂ ਦੀ ਕੁਲ ਗਿਣਤੀ ਲਗਭਗ {੧੨+੫+੪+੯+੨੫+੪+੮+੮+੭+੭+੧+੧+੯ = ੧੦੦} ੧੦੦ ਦੇ ਕਰੀਬ ਹੈ।

- ਪਾਕਿਸਤਾਨ ਦੀਆਂ ਜਿਆਦਾ ਬੋਲਣ ਵਾਲੀਆਂ ੧੨ ਭਾਸ਼ਾਵਾ ਹਨ:- ਪੰਜਾਬੀ {ਮਾਝੀ, ਪੋਠੋਹਾਰੀ, ਹਿੰਡਕੋ, ਧਾਨੀ}, ਪਸ਼ਤੋ, ਸਿੰਧੀ {ਸਿੰਧੀ ਸਰਾਇਕੀ, ਵਿਚੋਲੀ, ਲਾਰੀ, ਲਾਸੀ, ਥਾਰੀ, ਕੱਛੀ}, ਬਲੋਚੀ, ਆਦਿ। ਇਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਘੱਟ ਬੋਲਣ ਵਾਲੀਆਂ ਭਾਸ਼ਾਵਾ ਵੀ ਹਨ, ਜਿਨ੍ਹਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ ਸੈਕੜਿਆਂ ਜਾ ਹਜਾਰਾਂ ਵਿਚ ਹੀ ਹੈ।
- ਸ੍ਰੀ ਲੰਕਾ ਦੀਆਂ ਜਿਆਦਾ ਬੋਲਣ ਵਾਲੀਆਂ ੫ ਭਾਸ਼ਾਵਾ ਹਨ:- ਜਿਸ ਤਰ੍ਹਾਂ ਕਿ ਸਿਨਾਲੀਜ਼, ਰੋਡੀਆ, ਤਾਮਿਲ, ਅਰਬੀ, ਕਰੀਓਲੇ ਮਾਲੇ, ਆਦਿ
- ਨੈਪਾਲ ਦੀਆਂ ਜਿਆਦਾ ਬੋਲਣ ਵਾਲੀਆਂ ੪ ਭਾਸ਼ਾਵਾ ਹਨ:- ਨੇਵਾਰ, ਤਾਮੰਗ, ਮਗਰ, ਰਾਏ ਲਿੰਬੂ
- ਸਿਕਮ ਦੀਆਂ ਜਿਆਦਾ ਬੋਲਣ ਵਾਲੀਆਂ ੯ ਭਾਸ਼ਾਵਾ ਹਨ:- ਬੁਟੀਆਂ, ਲੈਪਚਾ, ਲਿੰਬੂ, ਨੀਵਾਰੀ, ਰਾਏ, ਗੁਰੁੰਗ, ਮੰਤਰ ਸੈਰਪਾ, ਤਾਮੰਗ, ਸੁਨਵਾਰ

- ਤਿਬਤ ਦੀਆਂ ਜਿਆਦਾ ਬੋਲਣ ਵਾਲੀਆਂ ੨੫ ਭਾਸ਼ਾਵਾ ਹਨ:- ਜਿਸ ਤਰ੍ਹਾਂ ਕਿ, ਯੁਸੰਗ, ਖੰਮਹੋਰ, ਐਮਡੋ, ਥੇਵੋ ਛੋਨ, ਲਦਾਖੀ, ਪੁਰਖੀ, ਸਪਿਤੀ, ਦਜ਼ੋਗਖਾ, ਧਰੈਜ਼ੋਂਗ, ਸ਼ੈਰਪਾ, ਕਾਈਰੋਂਗ, ਜਾਈਰੈਲ, ਸਾਂਮੰਗ, ਲਾਖਾ, ਧੁਰ, ਮੇਰਾ ਸਾਟੈਂਗ, ਧਰੋਮੋ, ਜ਼ੋਨਗੂੰ, ਗਸੈਰਪਾ, ਖ਼ਾਲੋਂਗ, ਡੋਂਗਵੰਗ, ਜ਼ਿਤਸਾਡੇਗੂ, ਦਰੁਗਚੁ, ਆਦਿ
- ਬੰਗਲਾ ਦੇਸ ਦੀਆਂ ਜਿਆਦਾ ਬੋਲਣ ਵਾਲੀਆਂ ੪ ਭਾਸ਼ਾਵਾ ਹਨ:- ਜਿਸ ਤਰ੍ਹਾਂ ਕਿ ਚਿਟਾਗੋਨੀਅਨ, ਰੰਗਪੁਰੀ, ਨੋਖਾਇਲਾ, ਸਿਲਥੀ, ਆਦਿ, ਇਸ ਤੋਂ ਇਲਾਵਾ ੩੨ ਦੇ ਕਰੀਬ ਹੋਰ ਭਾਸ਼ਾਵਾ ਹਨ
- ਚੀਨ ਦੀਆਂ ੮ ਮੁਢਲੀਆਂ ਬੋਲਣ ਵਾਲੀਆਂ ਪ੍ਰਵਾਰਕ ਭਾਸ਼ਾਵਾ ਹਨ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਭਾਸ਼ਾਵਾ ਜਿਨ੍ਹਾਂ ਦੀ ਗਿਣਤੀ ੨੯੨ ਹੈ, ਉਹ ਇਕ ਦੂਜੇ ਨਾਲੋਂ ਬਹੁਤ ਵੱਖਰੀਆਂ ਹਨ
- ਅਫਗਾਨਿਸਤਾਨ ਦੀਆਂ ਜਿਆਦਾ ਬੋਲਣ ਵਾਲੀਆਂ ੮ ਭਾਸ਼ਾਵਾ ਹਨ:- ਪਸ਼ਤੋ, ਧਾਰੀ, ਯੂਬੇਕੀ, ਤੁਰਕਮੈਨ, ਬਲੋਚੀ, ਪਸ਼ਾਏਈ, ਨੂਰਿਸਤਾਨੀ, ਪਾਮੀਰੀ, ਆਦਿ। ਇਸ ਤੋਂ ਇਲਾਵਾ ਹੋਰ ਬਹੁਤ ਕਈ {੧੪} ਘੱਟ ਬੋਲਣ ਵਾਲੀਆਂ ਭਾਸ਼ਾਵਾ ਵੀ ਹਨ
- ਈਰਾਨ ਦੀਆਂ ਜਿਆਦਾ ਬੋਲਣ ਵਾਲੀਆਂ ੭ ਭਾਸ਼ਾਵਾ ਹਨ:- ਪਰਸ਼ੀਅਨ, ਗਿਲਾਕੀ, ਮਜ਼ਨਦਰਾਨੀ, ਅਜ਼ੇਰੀ ਤੁਰਿਕਸ਼, ਖ਼ੁਰਦਿਸ਼, ਬਲੋਚੀ, ਅਰਬੀ, ਆਦਿ। ਇਸ ਤੋਂ ਇਲਾਵਾ ਹੋਰ ਬਹੁਤ ਕਈ {ਤੁਰਕਮੈਨ, ਪਸ਼ਤੋ, ਆਰਮੀਨੀਅਨ, ਅਸੀਰੀਅਨ, ਬਰਹੂਈ, ਆਦਿ} ਘੱਟ ਬੋਲਣ ਵਾਲੀਆਂ ਭਾਸ਼ਾਵਾ ਵੀ ਹਨ
- ਈਰਾਕ ਦੀਆਂ ਜਿਆਦਾ ਬੋਲਣ ਵਾਲੀਆਂ ੭ ਭਾਸ਼ਾਵਾ ਹਨ:- ਅਰਬੀ, ਖ਼ੁਰਦਿਸ਼, ਤੁਰਕਮੈਨ, ਨਿਓਅਰਾਮਿਕ, ਮਨਡਾਇਕ ਸ਼ਬਕੀ, ਆਰਮੀਨੀਅਨ, ਪਸ਼ਤੋ, ਆਦਿ
- ਕੁਵੈਤ ਵਿਚ ਜਿਆਦਾ ਤਰ ਅਰਬੀ ਬੋਲੀ ਜਾਂਦੀ ਹੈ
- ਟਰਕੀ ਵਿਚ ਜਿਆਦਾ ਤਰ ਇਸਤਾਬਲ ਟਰਕੀ ਬੋਲੀ ਜਾਂਦੀ ਹੈ
- ਸਾਊਦੀ ਅਰੇਬੀਆ ਦੀਆਂ ਜਿਆਦਾ ਬੋਲਣ ਵਾਲੀਆਂ ੯ ਭਾਸ਼ਾਵਾ ਹਨ:- ਜਿਸ ਤਰ੍ਹਾਂ ਕਿ, ਅਰੇਬੀਅਨ ਅਰਬੀ, ਬਹਿਰੀਨ ਅਰਬੀ, ਬਾਰੇਕੀ ਅਰਬੀ, ਗਲਫ ਅਰਬੀ, ਹੇਜ਼ਾਦੀ ਅਰਬੀ, ਨਾਜਦੀ ਅਰਬੀ, ਪੈਂਸੁਲਾਰ, ਅਰਬੀ, ਬਾਰੇ, ਆਦਿ

ਇਨ੍ਹਾਂ ਸਾਰੇ ਦੇਸ਼ਾਂ ਵਿਚ ਉੱਪਰ ਲਿਖੀਆਂ ਜਿਆਦਾ ਤਰ ਬੋਲਣ ਵਾਲੀਆਂ ਭਾਸ਼ਾਵਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਘੱਟ ਬੋਲਣ ਵਾਲੀਆਂ ਭਾਸ਼ਾਵਾਂ ਵੀ ਹਨ, ਜਿਨ੍ਹਾਂ ਦੀ ਗਿਣਤੀ ਬਹੁਤ ਹੈ। ਹੋ ਸਕਦਾ ਹੈ ਕਿ ਗੁਰੂ ਸਾਹਿਬ ਇਨ੍ਹਾਂ ਦੇਸ਼ਾ ਦੇ ਸਾਰੇ ਇਲਾਕਿਆਂ ਵਿਚ ਨਹੀਂ ਗਏ ਹੋਣਗੇ ਤੇ ਖਾਸ ਖਾਸ ਇਲਾਕਿਆਂ ਵਿਚੋਂ ਹੀ ਗੁਜਰੇ ਹੋਣਗੇ। ਉਨ੍ਹਾਂ ਸਮਿਆਂ ਵਿਚ ਸੰਚਾਰ ਤੇ ਅਵਾਜਾਈ ਦੇ ਸਾਧਨ ਬਹੁਤ ਘੱਟ ਸਨ, ਇਸ ਲਈ ਜਿਆਦਾ ਤਰ ਇਲਾਕਿਆਂ ਵਿਚ ਭਾਸ਼ਾਵਾਂ ਦੀ ਆਪਸੀ ਸਾਂਝ ਬਹੁਤ ਘੱਟ ਹੋਵੇਗੀ। ਜੇ ਕਰ ਇਨ੍ਹਾਂ ਦੇਸ਼ਾਂ ਦੀਆਂ ਜਿਆਦਾ ਬੋਲਣ ਵਾਲੀਆਂ ਭਾਸ਼ਾਵਾਂ ਦੀ ਗਿਣਤੀ ਹੀ ਲਈ ਜਾਵੇ ਤਾਂ ੧੩ ਦੇਸ਼ਾਂ ਅਨੁਸਾਰ ਲੱਗਭੱਗ ੧੦੦ ਭਾਸ਼ਾਵਾਂ ਦੀ ਗਿਣਤੀ ਬਣਦੀ ਹੈ। ਫਿਰ ਕੁਲ ਭਾਰਤ ਤੇ ਹੋਰ ਦੇਸ਼ਾਂ ਦੀਆਂ ਭਾਸ਼ਾਵਾਂ ਦੀ ਗਿਣਤੀ ਲਗਭਗ ੧੭੬ {੭੬+੧੦੦} ਦੇ ਕਰੀਬ ਬਣ ਜਾਂਦੀ ਹੈ। ਇਨ੍ਹਾਂ ਸਾਰੇ ਇਲਾਕਿਆਂ ਦੀਆਂ ਭਾਸ਼ਾਵਾਂ ਦੀ ਕੁਲ ਗਿਣਤੀ ਤੇ ਗੁਰੂ ਗਰੰਥ ਸਾਹਿਬ ਵਿਚ ਅਨੇਕਾਂ ਭਾਸ਼ਾਵਾਂ ਦੇ ਵਰਤੇ ਗਏ ਸਬਦ ਇਹੀ ਸਾਬਤ ਕਰਦੇ ਹਨ, ਕਿ ਗੁਰੂ ਨਾਨਕ ਸਾਹਿਬ ਨੂੰ ੧੦੦ ਤੋਂ ਵੱਧ ਭਾਸ਼ਾਵਾਂ ਬਾਰੇ ਡੂੰਘਾ ਗਿਆਨ ਤੇ ਜਾਣਕਾਰੀ ਸੀ।

ਅੱਜਕਲ ਦੇ ਸਿੱਖਾਂ ਦਾ ਪਿਛੜਨ ਤੇ ਸਿੱਖੀ ਤੋਂ ਦੂਰ ਜਾਣ ਦਾ ਕਾਰਨ ਇਹੀ ਹੈ, ਕਿ ਉਨ੍ਹਾਂ ਵਿਚ ਗਿਆਨ ਦੀ ਬਹੁਤ ਕਮੀ ਹੈ। ਸਾਡੇ ਗਰੰਥੀ ਤੇ ਰਾਗੀ ਜਿਆਦਾ ਤਰ ਅਨਪੜ੍ਹ ਜਾਂ ਮੁਸ਼ਕਲ ਨਾਲ ੧੦/੧੨ ਜਮਾਤਾ ਪਾਸ ਹੁੰਦੇ ਹਨ। ਕੋਈ ਵਿਰਲਾ ਹੀ ਪ੍ਰਚਾਰਕ ਗਰੈਜੂਏਟ ਜਾਂ ਉਸ ਤੋਂ ਵੱਧ ਹੋਵੇਗਾ। ਜੇਕਰ ਅਸੀਂ ਆਪਣੇ ਆਪ ਨੂੰ ਗੁਰੂ ਗਰੰਥ ਸਾਹਿਬ ਬਾਰੇ ਗਿਆਨ ਦੇਣ ਲਈ ਅਗਿਆਨੀਆਂ ਤੇ ਅਨਪੜ੍ਹਾਂ ਦੇ ਮਗਰ ਲਗੇ ਰਹੇ ਤਾਂ ਸਾਡਾ ਭਲਾ ਕਿਸ ਤਰ੍ਹਾਂ ਹੋਵੇਗਾ?

**ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ {੫}**

ਗੁਰੂ ਗਰੰਥ ਸਾਹਿਬ ਵਿਚ ਸਮਾਜਿਕ, ਰਾਜਨੀਤਕ, ਗ੍ਰਹਿ ਵਿਗਿਆਨ, ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਕਮਿਸਟਰੀ, ਫਿਜ਼ਿਕਸ, ਭੂਮੰਡਲ, ਅਕਾਸ਼ ਮੰਡਲ, ਮਨੋਵਿਗਿਆਨ, ਆਦਿ ਸਭ ਤਰ੍ਹਾਂ ਦੇ ਵਿਸ਼ਿਆ ਸਬੰਧੀ ਡੂੰਘੀ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਸਮੁੱਚੀ ਮਨੁੱਖਤਾ ਨੂੰ ਜੀਵਨ ਦੀ ਸਹੀ ਦਿਸ਼ਾ ਵੱਲ ਮੋੜਿਆ ਜਾ ਸਕੇ।

ਦੁਨੀਆਂ ਦੇ ਬਹੁਤ ਸਾਰੇ ਧਰਮਾਂ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਆਪਣੀ ਕਲਪਨਾਂ ਦੇ ਆਧਾਰ ਤੇ ਦਿਤੀ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਆਰੰਭਕ ਸਬਦ ਅਕਾਲ ਪੁਰਖੁ ਨੂੰ ਵਿਗਿਆਨਕ ਤਰੀਕੇ ਨਾਲ ਦਰਸਾਉਂਣ ਦਾ ਨਿਵੇਕਲਾ ਆਰੰਭ ਹੈ। ਇਸ ਨੂੰ ਅਕਾਲ ਪੁਰਖੁ ਸਬੰਧੀ ਸਾਇੰਸ ਦਾ ਮੁੱਢ ਕਹਿ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖੁ ਦੀ ਪਰਿਭਾਸ਼ਾ ਕਲਪਨਾਂ ਦੇ ਆਧਾਰ ਤੇ ਨਹੀਂ, ਬਲਕਿ ਪੂਰਨ, ਉਚੇ ਪੱਧਰ ਦੀ ਸਾਇੰਸ ਦੇ ਆਧਾਰ ਤੇ ਦਿੱਤੀ ਹੈ।

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ {੧}**

ਇਸ ਸੰਸਾਰ ਨੂੰ ਚਲਾਉਂਣ ਵਾਲਾ ਨਾ ਤਾਂ ਕੋਈ ਮਨੁੱਖ ਹੋ ਸਕਦਾ ਹੈ ਅਤੇ ਨਾ ਹੀ ਕੋਈ ਜੀਵ ਜੰਤੂ ਜਾਂ ਵਸਤੂ, ਕਿਉਂਕਿ ਇਹ ਸਾਰੇ ਨਾਸ਼ਵੰਤ ਹਨ, ਸਦੀਵੀ ਕਾਲ ਲਈ ਨਹੀਂ ਰਹਿ ਸਕਦੇ। ਅਕਾਲ ਪੁਰਖੁ ਕੋਈ ਨਿਯਮ, ਅਸੂਲ ਜਾਂ ਸਿਸਟਮ ਹੀ ਹੋ ਸਕਦਾ ਹੈ, ਜਿਸ ਦੀ ਸੀਮਾਂ ਬੇਅੰਤ ਹੈ, ਇਸ ਲਈ ਦੁਨਿਆਵੀ ਲਫਜ਼ਾਂ ਵਿਚ ਕਿਸੇ ਖਾਸ ਨਾਂ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ।

ਨਿਊਟਨ ਨੇ ਗੁਰਤਾ ਖਿੱਚ {Gravitational force} ਦੀ ਕਾਢ ੧੬੮੬ ਦੇ ਕਰੀਬ ਕੀਤੀ ਸੀ। ਪਰੰਤੂ ਗੁਰੂ ਨਾਨਕ ਸਾਹਿਬ ਨੇ ਇਸ ਬਾਰੇ ਜਪੁਜੀ ਸਾਹਿਬ ਵਿਚ ੫੦੦ ਸਾਲ ਪਹਿਲਾਂ ਕਹਿ ਦਿਤਾ ਸੀ। ਗੈਲੀਲੀਓ ਨੇ ਪਹਿਲੀ ਟੈਲੀਸਕੋਪ ੧੬੦੯ ਵਿਚ ਬਣਾਈ। ਗੁਰੂ ਸਾਹਿਬ ਨੇ ਬਿਨਾ ਟੈਲੀਸਕੋਪ ਦੇ ਕਈ ਸਾਲ ਪਹਿਲਾਂ ਲਿੱਖ ਦਿਤਾ ਸੀ, ਕਿ ਧਰਤੀਆਂ ਅਣਗਿਣਤ ਹਨ। ਅੱਜ ਦੀ ਸਾਇੰਸ ਕੁਝ ਦਹਾਕੇ ਪਹਿਲਾਂ ਤੋਂ ਹੀ ਅਨੇਕ ਗੈਲੈਕਸੀਆਂ ਬਾਰੇ ਗੱਲ ਕਰ ਰਹੀ ਹੈ।

**ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ {੩} {ਜਪੁਜੀ}**

ਗੁਰੂ ਨਾਨਕ ਸਾਹਿਬ ਦੀ ਬਾਣੀ ਦਰਸਾਉਂਦੀ ਹੈ ਕਿ ਗੁਰੂ ਸਾਹਿਬ ਨੂੰ ਭੌਤਿਕ ਗਿਆਨ {Physics} ਤੇ ਆਕਾਸ਼ ਮੰਡਲ {Astronomy} ਬਾਰੇ ਡੂੰਘੀ ਜਾਣਕਾਰੀ ਸੀ। ਧਰਤੀ ਨੂੰ ਆਸਰਾ ਦੇਣ ਵਾਲਾ ਕੋਈ ਬਲਦ ਨਹੀਂ ਬਲਕਿ ਇਹ ਧਰਮ ਹੈ, ਨਿਯਮ ਹੈ, ਅਸੂਲ ਹੈ। ਜਿਸ ਨੇ ਸਾਰੇ ਬ੍ਰਹਿਮੰਡ ਵਿਚ ਸਥਿਰਤਾ {ਸੰਤੋਖੁ} ਕਾਇਮ ਰੱਖਿਆ ਹੈ। ਅੱਜ ਅਸੀਂ ਇਸ ਅਸੂਲ ਨੂੰ ਗਰੂਤਾਂ ਸ਼ਕਤੀ ਨਾਲ ਜਾਣਦੇ ਹਾਂ {ਨਿਊਟਨ ਲਾ ਆਫ ਗਰੈਵੀਟੇਸ਼ਨ} {Gravitational force}। ਗੁਰੂ ਸਾਹਿਬ ਨੇ ਕੁਦਰਤ ਦੀ ਸਚਾਈ ਨੂੰ ਬਿਲਕੁਲ ਸਰਲ ਤੇ ਸਪੱਸ਼ਟ {Logical} ਤਰੀਕੇ ਨਾਲ ਸਮਝਾਇਆ।

ਅਕਾਲ ਪੁਰਖ ਦੇ ਦਰ ਤੇ ਕ੍ਰੋੜਾਂ ਸੂਰਜ ਚਾਨਣ ਕਰ ਰਹੇ ਹਨ, ਉਸ ਦੇ ਦਰ ਤੇ ਕ੍ਰੋੜਾਂ ਸ਼ਿਵ ਜੀ ਤੇ ਕੈਲਾਸ਼ ਹਨ, ਅਤੇ ਕ੍ਰੋੜਾਂ ਹੀ ਬ੍ਰਹਮਾ ਉਸ ਦੇ ਦਰ ਤੇ ਵੇਦ ਉਚਾਰ ਰਹੇ ਹਨ। ਅਕਾਲ ਪੁਰਖ ਦੇ ਦਰ ਤੇ ਕ੍ਰੋੜਾਂ ਚੰਦ੍ਰਮੇ ਰੌਸ਼ਨੀ ਕਰਦੇ ਹਨ, ਉਸ ਦੇ ਦਰ ਤੋਂ ਅਨੇਕਾਂ ਤੇਤੀ ਕ੍ਰੋੜਾਂ ਦੇਵਤੇ ਭੋਜਨ ਛਕਦੇ ਹਨ, ਕ੍ਰੋੜਾਂ ਹੀ ਨੌਂ ਗ੍ਰਹਿ ਉਸ ਦੇ ਦਰਬਾਰ ਵਿਚ ਖਲੋਤੇ ਹੋਏ ਹਨ, ਅਤੇ ਕ੍ਰੋੜਾਂ ਹੀ ਧਰਮ-ਰਾਜ ਦੇ ਦਰਬਾਨ ਹਨ। ਕ੍ਰੋੜਾਂ ਹਵਾਵਾਂ ਚੱਲਦੀਆਂ ਹਨ, ਕ੍ਰੋੜਾਂ ਸ਼ੇਸ਼ਨਾਗ ਉਸ ਦੀ ਸੇਜ ਵਿਛਾਉਂਦੇ ਹਨ, ਕ੍ਰੋੜਾਂ ਸਮੁੰਦਰ ਉਸ ਦੇ ਪਾਣੀ ਭਰਨ ਵਾਲੇ ਹਨ, ਅਤੇ ਕ੍ਰੋੜਾਂ ਹੀ ਬਨਸਪਤੀ ਹੈ ਜੋ ਕਿ ਮਾਨੋ ਉਸ ਦੇ ਜਿਸਮ ਦੇ ਰੋਮ ਹਨ। ਕ੍ਰੋੜਾਂ ਹੀ ਕੁਬੇਰ ਦੇਵਤੇ ਉਸ ਦੇ ਖ਼ਜਾਨੇ ਭਰਦੇ ਹਨ, ਕ੍ਰੋੜਾਂ ਹੀ ਲਛਮੀਆਂ ਸ਼ਿੰਗਾਰ ਕਰ ਰਹੀਆਂ ਹਨ, ਕ੍ਰੋੜਾਂ ਹੀ ਪਾਪ ਤੇ ਪੁੰਨ ਹੋ ਰਹੇ ਹਨ, ਕ੍ਰੋੜਾਂ ਹੀ ਇੰਦਰ ਦੇਵਤੇ ਉਸ ਦੇ ਦਰ ਤੇ ਸੇਵਾ ਕਰ ਰਹੇ ਹਨ। ਛਪਿੰਜਾ ਕ੍ਰੋੜ, ਭਾਵ ਅਨੇਕਾਂ ਬੱਦਲ ਉਸ ਦੇ ਦਰਬਾਨ ਹਨ, ਜੋ ਥਾਂ ਥਾਂ ਤੇ ਚਮਕ ਰਹੇ ਹਨ, ਕ੍ਰੋੜਾਂ ਸ਼ਕਤੀਆਂ ਖੇਡਾਂ ਕਰ

ਰਹੀਆਂ ਹਨ, ਤੇ ਕ੍ਰੋੜਾਂ ਹੀ ਕਾਲਕਾ ਕੇਸ ਖੋਲ੍ਹ ਕੇ ਡਰਾਉਣਾ ਰੂਪ ਧਾਰ ਕੇ ਉਸ ਦੇ ਦਰ ਤੇ ਮੌਜੂਦ ਹਨ। ਕ੍ਰੋੜਾਂ ਜੱਗ ਹੋ ਰਹੇ ਹਨ, ਤੇ ਕ੍ਰੋੜਾਂ ਗੰਧਰਬ ਜੈ ਜੈਕਾਰ ਗਾ ਰਹੇ ਹਨ, ਕ੍ਰੋੜਾਂ ਹੀ ਲੋਕ ਆਪਣੀ ਵਿੱਦਿਆ ਦੁਆਰਾ, ਉਸ ਦੇ ਬੇਅੰਤ ਗੁਣ ਬਿਆਨ ਕਰ ਰਹੇ ਹਨ, ਪਰੰਤੂ, ਫਿਰ ਵੀ ਅਕਾਲ ਪੁਰਖੁ ਦੇ ਗੁਣਾਂ ਦਾ ਅੰਤ ਨਹੀਂ ਪਾ ਸਕਦੇ।

**ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥ {੨੭੫,੨੭੬}**

ਗੁਰਬਾਣੀ ਦਾ ਇਹ ਸਬਦ ਇਹੀ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਨੂੰ ਭੌਤਿਕ ਗਿਆਨ {Physics} ਜੀਵ ਵਿਗਿਆਨ {Biology} ਤੇ ਬਨਸਪਤੀ ਵਿਗਿਆਨ {Botony} ਤੇ ਹੋਰ ਬਹੁਤ ਸਾਰੇ ਵਿਸ਼ਿਆਂ ਬਾਰੇ ਗਿਆਨ ਸੀ। ਗੁਰੂ ਸਾਹਿਬ ਦਾ ਗਿਆਨ ਇਥੋਂ ਤੱਕ ਹੀ ਸੀਮਿਤ ਨਹੀਂ ਸੀ, ਉਨ੍ਹਾਂ ਨੇ ਇਹ ਵੀ ਸਮਝਾ ਦਿਤਾ ਸੀ ਕਿ ਹਰੇਕ ਵਸਤੂ ਵਿਚ ਜੀਵ ਹਨ, ਤੇ ਸਭ ਦੇ ਜੀਵਨ ਦਾ ਆਧਾਰ ਪਾਣੀ ਹੈ। ਇਸ ਲਈ ਜਿਨ੍ਹਾਂ ਲੋਕਾਂ ਨੂੰ ਜੀਵ ਹੱਤਿਆ ਦਾ ਬਹੁਤ ਫਿਕਰ ਹੈ, ਉਨ੍ਹਾਂ ਨੂੰ ਅੰਨ ਖਾਣਾਂ ਤੇ ਪਾਣੀ ਪੀਣਾਂ ਬੰਦ ਕਰ ਦੇਣਾ ਚਾਹੀਦਾ ਹੈ।

**ਸਲੋਕੁ ਮ: ੧ ॥ ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥ {੪੭੨-੪੭੩}**

ਅਕਾਲ ਪੁਰਖੁ ਤੋਂ ਸੂਖਮ ਤੱਤ ਪਵਣ ਬਣਿਆ, ਪਵਣ ਤੋਂ ਜਲ ਹੋਂਦ ਵਿਚ ਆਇਆ, ਜਲ ਤੋਂ ਸਾਰਾ ਜਗਤ ਰਚਿਆ ਗਿਆ, ਤੇ, ਇਸ ਰਚੇ ਸੰਸਾਰ ਦੇ ਹਰੇਕ ਹਿਰਦੇ ਵਿਚ ਅਕਾਲ ਪੁਰਖੁ ਦੀ ਜੋਤਿ ਸਮਾਈ ਹੋਈ ਹੈ। ਪਰੰਤੂ, ਅਕਾਲ ਪੁਰਖੁ ਤੇ ਉਸ ਦੇ ਹੁਕਮੁ ਬਾਰੇ ਸੋਝੀ ਸਬਦ ਗੁਰੂ ਤੋਂ ਹੀ ਮਿਲ ਸਕਦੀ ਹੈ, ਗੁਰੂ ਦੇ ਸ਼ਬਦ ਵਿਚ ਰੰਗੇ ਹੋਏ ਨੂੰ ਲੋਕ ਪਰਲੋਕ ਵਿਚ ਆਦਰ ਮਿਲਦਾ ਹੈ, ਉਹ ਹਿਰਦਾ ਸਦਾ ਪਵਿਤਰ ਰਹਿੰਦਾ ਹੈ, ਉਸ ਨੂੰ ਵਿਕਾਰਾਂ ਦੀ ਮੈਲ ਨਹੀਂ ਲੱਗਦੀ।

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥੩॥ {੧੯,੨੦}**

ਗੁਰਬਾਣੀ ਦਾ ਇਹ ਸਬਦ ਇਹੀ ਦਰਸਾਉਂਦਾ ਹੈ, ਕਿ ਗੁਰੂ ਸਾਹਿਬ ਨੂੰ ਰਸਾਨਿਕ ਵਿਗਿਆਨ {Chemistry}, ਜੀਵ ਵਿਗਿਆਨ {Biology} ਤੇ ਭੂਗੋਲ {Geography} ਬਾਰੇ ਵੀ ਚੰਗੀ ਜਾਣਕਾਰੀ ਸੀ।

ਜੀਵ ਦੀ ਪੈਦਾਇਸ਼ ਮਨੁੱਖ ਜਾਂ ਸਾਡੀ ਸਾਇੰਸ ਨਹੀਂ ਕਰ ਸਕਦੀ। ਜੀਵ ਆਤਮਾ ਅਤੇ ਮਨ ਦੇ ਤਲ ਤੇ ਕਿਹੜੇ ਨਿਯਮ ਲਾਗੂ ਹੁੰਦੇ ਹਨ, ਉਹ ਵਰਤਮਾਨ ਸਾਇੰਸ ਦੀ ਸਮਰੱਥਾ ਤੋਂ ਬਾਹਰ ਹਨ। ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਇਹੀ ਸਪੱਸ਼ਟ ਕੀਤਾ ਹੈ, ਕਿ ਜੀਵਨ ਲਈ ਜਲ ਜਰੂਰੀ ਹੈ। ਨਾਲ ਹੀ ਕੁਝ ਬੁਝਣ ਦੀ ਗੱਲ ਵੀ ਸਮਝਾਈ ਹੈ, ਭਾਵ ਗੁਰੂ ਦੀ ਮਤ ਰਾਹੀਂ ਜੀਵਨ ਦੀ ਅਸਲੀਅਤ ਨੂੰ ਸਮਝਣਾਂ ਹੈ। ਅਸਲ ਵਿਚ ਇਹ ਜਗਤ ਅਕਾਲ ਪੁਰਖੁ ਦਾ ਰੂਪ ਹੈ, ਕਿਉਂਕਿ ਹਰੇਕ ਜੀਵ ਅਕਾਲ ਪੁਰਖੁ ਤੋਂ ਹੀ ਪੈਦਾ ਹੁੰਦਾ ਹੈ, ਪਰੰਤੂ, ਕੋਈ ਵਿਰਲਾ ਬੰਦਾ ਇਹ ਗੱਲ ਗੁਰੂ ਦੀ ਮਿਹਰ ਨਾਲ ਸਮਝਦਾ ਹੈ, ਤੇ ਜੋ ਸਮਝ ਲੈਂਦਾ ਹੈ ਉਸ ਮਨੁੱਖ ਦੇ ਅੰਦਰੋਂ ਹਉਮੈਂ ਦੂਰ ਹੋ ਜਾਂਦਾ ਹੈ ਤੇ ਉਸ ਦਾ ਜੀਵਨ ਵਿਕਾਰ ਰਹਿਤ ਹੋ ਜਾਂਦਾ ਹੈ।

**ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ ॥ ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ ॥੨॥ {੧੨੮੩}**

**ਜਲ ਹੀ ਤੇ ਸਭ ਉਪਜੈ ਬਿਨੁ ਜਲ ਪਿਆਸ ਨ ਜਾਇ ॥ ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ ॥੫੫॥ {ਪੰਨਾ ੧੪੧੯, ੧੪੨੦}**

ਇਸ ਸਬਦ ਵਿਚ ਗੁਰੂ ਸਾਹਿਬ ਉਦਾਹਰਣ ਤਾਂ ਪਪੀਹੇ ਤੇ ਪਾਣੀ ਦੀ ਆਮ ਜੀਵਨ ਬਾਰੇ ਦੇ ਰਹੇ ਹਨ, ਪਰੰਤੂ, ਸਮਝਾ ਇਸ ਮਨ ਨੂੰ ਰਹੇ ਹਨ। ਆਮ ਪਾਣੀ ਨਾਲ ਸਾਰੀ ਸ੍ਰਿਸ਼ਟੀ ਵਿਚ ਉਤਪਤੀ ਹੋ ਰਹੀ ਹੈ, ਤੇ ਪਾਣੀ ਤੋਂ ਬਿਨਾ ਪਿਆਸ ਨਹੀਂ ਬੁਝ ਸਕਦੀ, ਜਦੋਂ ਤੱਕ ਪਾਣੀ ਦੀ ਬੂੰਦ ਮਨੁੱਖ ਦੇ ਮੂੰਹ ਵਿਚ ਨਹੀਂ ਪੈਂਦੀ ਹੈ। ਇਸੇ ਤਰ੍ਹਾਂ ਮਾਇਆ ਦੀ ਤ੍ਰਿਸ਼ਨਾ ਦੂਰ ਨਹੀਂ ਹੋ ਸਕਦੀ, ਜਦੋਂ ਤੱਕ ਗੁਰੂ ਦੇ ਸ਼ਬਦ ਦੁਆਰਾ ਅੰਮ੍ਰਿਤ ਨਾਮੁ ਦੀ ਬੂੰਦ ਮਨੁੱਖ ਦੇ ਹਿਰਦੇ ਵਿਚ ਨਹੀਂ ਵਸਦੀ। ਇਸ ਲਈ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖੁ ਦਾ ਨਾਮੁ ਚੇਤੇ ਕਰਿਆ ਕਰੋ, ਅਕਾਲ ਪੁਰਖੁ ਦੇ ਹੁਕਮੁ ਨੂੰ ਭਲਾ ਜਾਣ ਕੇ ਮੰਨਿਆ ਕਰੋ।

ਗੁਰਬਾਣੀ ਦਾ ਇਹ ਸਬਦ ਜਿਥੇ ਰਸਾਨਿਕ ਵਿਗਿਆਨ {Chemistry} ਬਾਰੇ ਦਰਸਾਉਂਦਾ ਹੈ, ਉਸ ਦੇ ਨਾਲ ਨਾਲ ਮਨੋਵਿਗਿਆਨ {Psychology} ਬਾਰੇ ਵੀ ਚੰਗੀ ਜਾਣਕਾਰੀ ਮਿਲਦੀ ਹੈ।

ਅਕਾਲ ਪੁਰਖੁ ਨੇ ਇਹ ਕੁਦਰਤ ਸੁੰਨ ਤੋਂ ਪੈਦਾ ਕੀਤੀ। ਅੱਜਕਲ ਦੀ ਸਾਇੰਸ ਵੀ ਵੈਕੀਉਂਮ ਜਾਂ ਬਲੈਕ ਹੋਲ ਦੀ ਗੱਲਾਂ ਕਰਦੀ ਹੈ। {Vacuum, Black hole}

**ਮਾਰੂ ਮਹਲਾ ੧ ॥ ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥੨॥ {੧੦੩੭, ੧੦੩੮}**

**ਕੇਤੜਿਆ ਦਿਨ ਗੁਪਤੁ ਕਹਾਇਆ ॥ ਕੇਤੜਿਆ ਦਿਨ ਸੁੰਨਿ ਸਮਾਇਆ ॥ ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ ॥੧੨॥ {੧੦੮੧, ੧੦੮੨}**

ਗੁਰਬਾਣੀ ਦਾ ਇਹ ਸਬਦ ਇਹੀ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਨੂੰ ਭੌਤਿਕ ਗਿਆਨ {Physics} ਜੀਵ ਵਿਗਿਆਨ {Biology} ਤੇ ਬਨਸਪਤੀ ਵਿਗਿਆਨ {Botany} ਬਾਰੇ ਬਹੁਤ ਕੁਝ ਪਤਾ ਸੀ। ਇਨ੍ਹਾਂ ਵਿਸ਼ਿਆਂ ਸਬੰਧੀ ਹੋਰ ਜਾਣਕਾਰੀ ਲੈਣ ਲਈ ਹੇਠ ਲਿਖੀ ਕਿਤਾਬ, "ਗੁਰਮਤਿ ਅਤੇ ਸਾਇੰਸ ਦੇ ਇਸ ਅਜੋਕੇ ਯੁਗ ਵਿਚ", ਪੜ੍ਹ ਸਕਦੇ ਹੋ ਜੀ:-

https://zenodo.org/records/17989556
http://www.geocities.ws/sarbjitsingh/BookGurmatAndScience.pdf
http://www.sikhmarg.com/2017/1022-gurmat-ate-science.html
http://www.sikhmarg.com/pdf-files/book-gurmat-ate-science.pdf
http://sikhbulletin.com/Books/GurmatAndScience.pdf
http://www.gursoch.com/wp-content/uploads/2017/11/Gurmat-And-Science.pdf

ਗੁਰਬਾਣੀ ਦੇ ਉੱਪਰ ਲਿਖੇ ਕੁਝ ਕੁ ਸਬਦਾਂ ਦੀਆਂ ਦਿਤੀਆਂ ਗਈਆਂ ਉਦਾਹਰਣਾਂ, ਇਹ ਸਾਬਤ ਕਰਦੀਆਂ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਜਿਥੇ ੧੦੦ ਤੋਂ ਵੱਧ ਭਾਸ਼ਾਵਾ ਦਾ ਗਿਆਨ ਸੀ, ਉਥੇ ਰੋਜਾਨਾ ਜੀਵਨ ਦੀ ਸਿਖਿਆ ਤੇ ਇਲਾਵਾ, ਹੋਰ ਬਹੁਤ ਸਾਰੇ ਵਿਸ਼ਿਆਂ ਸਬੰਧੀ ਡੂੰਘੀ ਜਾਣਕਾਰੀ ਸੀ, ਜਿਸ ਤਰ੍ਹਾਂ ਕਿ ਭੌਤਿਕ ਵਿਗਿਆਨ {Physics}, ਰਸਾਨਿਕ ਵਿਗਿਆਨ {Chemistry}, ਭੂਗੋਲ ਵਿਗਿਆਨ {Geography}, ਆਕਾਸ਼ ਮੰਡਲ {Astronomy}, ਜੀਵ ਵਿਗਿਆਨ {Biology}, ਬਨਸਪਤੀ ਵਿਗਿਆਨ {Botany}, ਮਨੋਵਿਗਿਆਨ {Psychology}, ਆਦਿ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਤਾਂ ਆਪਣੇ ਆਪ ਵਿਚ ਇਕ ਪ੍ਰਮਾਣ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਗੁਰਮੁੱਖੀ ਲਿਪੀ ਤੇ ਉਸ ਦੇ ਅੰਦਰ ਦੀ ਵਿਆਕਰਨ ਬਾਰੇ ਨਿੰਪੁਨਤਾ ਸੀ। ਗੁਰਬਾਣੀ ਦੁਆਰਾ ਸਮਾਜਿਕ, ਰਾਜਨੀਤਕ, ਪਰਿਵਾਰਿਕ, ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਕਮਿਸਟਰੀ, ਫਿਜ਼ਿਕਸ, ਭੂਮੰਡਲ, ਅਕਾਸ਼ ਮੰਡਲ, ਮਨੋਵਿਗਿਆਨ, ਆਦਿ ਸੱਭ ਤਰ੍ਹਾਂ ਦੇ ਵਿਸ਼ਿਆ ਸਬੰਧੀ ਡੂੰਘੀ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਸਮੁੱਚੀ ਮਨੁੱਖਤਾ ਨੂੰ ਜੀਵਨ ਦੀ ਸਹੀ ਦਿਸ਼ਾ ਵੱਲ ਮੋੜਿਆ ਜਾ ਸਕੇ।

ਕਿਸੇ ਵੀ ਕੌਮ ਦੀ ਤਰੱਕੀ ਇਸ ਉਪਰ ਨਿਰਭਰ ਕਰਦੀ ਹੈ ਕਿ ਉਨ੍ਹਾਂ ਦਾ ਵਿਦਿਅਕ ਤੇ ਗਿਆਨ ਦਾ ਸਤੱਰ ਕਿਤਨਾਂ ਕੁ ਹੈ। ਪਹਿਲਾਂ ਪੰਜਾਬ ਵਿਚ ਪੜ੍ਹਿਆਂ ਲਿਖਿਆਂ ਦਾ ਦਰਜਾ ੧੯੧੧ ਵਿਚ ਭਾਰਤ ਵਿਚੋਂ ਚੌਥੇ ਸਥਾਨ {੪/੧੮}

ਤੇ ਸੀ ਜੋ ਕਿ ਘਟ ਕੇ ਚੱਵੀਵੇਂ {੨੪} ਨੰਬਰ ਤੇ ਰਹਿ ਗਿਆ ਹੈ। {Position of Punjab in Education within India was 1911 = 4th, 1951 = 7th, 1961 = 13th, 1971 = 11th, 2001 = 24th} ਇਹੀ ਕਾਰਨ ਹੈ ਕਿ ਪੰਜਾਬ ਦੀ ਆਰਥਿਕ ਸਥਿਤੀ ਬਹੁਤ ਕਮਜੋਰ ਹੋ ਗਈ ਹੈ। ਪਿੰਡਾਂ ਵਿਚ ਸਰਕਾਰੀ ਸਕੂਲਾਂ ਦਾ ਸਤੱਰ ਬਹੁਤ ਨੀਵਾਂ ਹੈ ਤੇ ਪ੍ਰਾਈਵੇਟ ਸਕੂਲ ਜਾਂ ਕਾਲਜਾਂ ਦਾ ਮੰਤਵ ਸਿਰਫ ਪੈਸਾ ਇਕੱਠਾ ਕਰਨਾ ਲਈ ਇਕ ਵਿਉਪਾਰ ਹੀ ਰਹਿ ਗਿਆ ਹੈ। ਬਹੁ ਗਿਣਤੀ ਦੀ ਹਾਲਤ ਇਹ ਹੈ ਕਿ ਨਾ ਤਾਂ ਬੱਚੇ ਪੜ੍ਹਨਾਂ ਚਾਹੁੰਦੇ ਹਨ, ਤੇ ਨਾ ਹੀ ਅਧਿਆਪਕ ਪੜ੍ਹਾਉਣਾ ਚਾਹੁੰਦੇ ਹਨ, ਮਾਤਾ ਪਿਤਾ ਨੂੰ ਸਿਰਫ ਪਾਸ ਹੋਣ ਤੇ ਚੰਗੇ ਨੰਬਰ ਲੈਣ ਦਾ ਹੀ ਫਿਕਰ ਹੈ। ਕਿਸੇ ਨੂੰ ਵਿਦਿਅਕ ਯੋਗਤਾ ਵਧਾਉਣ ਨਾਲ ਕੋਈ ਵਾਸਤਾ ਨਹੀਂ। ਵਿਦਿਅਕ ਯੋਗਤਾ ਘਟਨ ਕਰਕੇ ਮਾਇਕ ਹਾਲਤ ਹੋਰ ਬੁਰੀ ਹੁੰਦੀ ਜਾ ਰਹੀ ਹੈ। ਕੌਮ ਦੀ ਤਰੱਕੀ ਸਾਇੰਸ, ਕਾਮਰਸ, ਖੇਤੀ ਬਾੜੀ ਜਾਂ ਹੋਰ ਤਕਨੀਕੀ ਵਿਸ਼ੇ ਪੜ੍ਹਨ ਨਾਲ ਹੋਣੀ ਹੈ, ਪਰੰਤੂ, ਇਨ੍ਹਾਂ ਵਲ ਬਹੁਤ ਘਟ ਲੋਕ ਤਵੱਜੋ ਦੇਂਦੇ ਹਨ। ਭਾਵੇਂ ਲੁਧਿਆਣੇ ਵਿਚ ਖੇਤੀ ਬਾੜੀ ਯੂਨੀਵਰਸਟੀ ਬਣੀ ਹੈ, ਪਰੰਤੂ, ਕਿਨੇ ਕੁ ਪਿੰਡਾਂ ਦੇ ਖੇਤੀ ਕਰਨ ਵਾਲੇ ਬੱਚੇ ਉਥੇ ਪੜ੍ਹਦੇ ਹਨ। ਖੇਤੀ ਬਾੜੀ ਯੂਨੀਵਰਸਟੀ ਵਿਚ ਪੜ੍ਹਨ ਵਾਲੇ ਬੱਚੇ ਜਿਆਦਾਤਰ ਸ਼ਹਿਰਾਂ ਦੇ ਹੀ ਹਨ, ਤੇ ਜਾਂ ਉਹ ਬੱਚੇ ਹਨ, ਜਿਹੜੇ ਖੇਤੀ ਬਾੜੀ ਨਹੀਂ ਕਰਦੇ ਹਨ।

ਗੁਰੂ ਰਾਮਦਾਸ ਸਾਹਿਬ ਨੇ ਸਿੱਖ ਦੀ ਪਰਿਭਾਸ਼ਾ ਵਿਚ ਅੰਮ੍ਰਿਤ ਵੇਲੇ ਨੂੰ ਖਾਸ ਮਹੱਤਵ ਦਿੱਤਾ ਹੈ। ਸਤਿਗੁਰੂ ਦਾ ਸੱਚਾ ਸਿੱਖ ਉਸ ਨੂੰ ਆਖਦੇ ਹਨ, ਜਿਹੜਾ ਹਰ ਰੋਜ਼ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਅਕਾਲ ਪੁਰਖੁ ਦਾ ਨਾਮੁ ਚੇਤੇ ਕਰਦਾ ਹੈ। ਹਰ ਰੋਜ਼ ਸਵੇਰੇ ਉੱਦਮ ਕਰਕੇ ਆਪਣੇ ਰੋਜ਼ਾਨਾ ਸਰੀਰਕ ਸਫਾਈ ਅਤੇ ਇਸ਼ਨਾਨ ਕਰਨ ਤੋਂ ਬਾਅਦ ਨਾਮੁ ਰੂਪੀ ਅੰਮ੍ਰਿਤ ਦੇ ਸਰੋਵਰ ਵਿਚ ਟੁੱਭੀ ਲਾਉਂਦਾ ਹੈ। ਸਤਿਗੁਰੂ ਦੇ ਉਪਦੇਸ਼, ਭਾਵ ਗੁਰਬਾਣੀ ਦੁਆਰਾ ਅਕਾਲ ਪੁਰਖੁ ਦਾ ਨਾਮੁ ਜਪਦਾ ਹੈ। ਗੁਰਬਾਣੀ ਧਿਆਨ ਨਾਲ ਪੜ੍ਹਨ, ਸੁਣਨ, ਸਮਝਣ ਤੇ ਅਮਲੀ ਰੂਪ ਦੇਣ ਨਾਲ ਸਾਰੇ ਪਾਪ ਅਤੇ ਵਿਕਾਰ ਲਹਿ ਜਾਂਦੇ ਹਨ। ਸਤਿਗੁਰੂ ਦੀ ਅੰਮ੍ਰਿਤ ਰੂਪੀ ਬਾਣੀ ਦੁਆਰਾ ਅਕਾਲ ਪੁਰਖੁ ਦਾ ਜੱਸ ਗਾਇਨ ਕਰਦਾ ਹੈ। ਗੁਰਸਿੱਖ ਸਾਰਾ ਦਿਨ ਆਪਣੀ ਕਿਰਤ ਕਰਦੇ ਹੋਇਆਂ ਹਮੇਸ਼ਾਂ, ਅਕਾਲ ਪੁਰਖੁ ਦਾ ਨਾਮੁ ਧਿਆਨ ਵਿਚ ਰੱਖਦਾ ਹੈ। ਅਕਾਲ ਪੁਰਖੁ ਨੂੰ ਹਰ ਸਮੇਂ ਚੇਤੇ ਕਰਨ ਵਾਲਾ ਸਿੱਖ, ਸਤਿਗੁਰੂ ਨੂੰ ਚੰਗਾ ਲੱਗਦਾ ਹੈ। ਸਤਿਗੁਰੂ, ਉਸ ਗੁਰਸਿੱਖ ਨੂੰ ਸਿੱਖਿਆ ਦੇਂਦਾ ਹੈ, ਜਿਸ ਤੇ ਅਕਾਲ ਪੁਰਖੁ ਦਿਆਲ ਹੁੰਦਾ ਹੈ।

https://www.geocities.ws/sarbjitsingh/Bani2220GurMag.pdf
https://www.geocities.ws/sarbjitsingh/Bani2220EngMag.pdf
http://www.sikhmarg.com/amrit-vela01.html

ਗੁਰੂ ਦਾ ਸਿੱਖ ਸਿਰਫ ਆਪਣਾ ਭਲਾ ਹੀ ਨਹੀਂ, ਬਲਕਿ ਸਰਬੱਤ ਦਾ ਭਲਾ ਮੰਗਦਾ ਹੈ। ਇਸ ਲਈ ਸਿੱਖ ਆਪਣੇ ਨਾਮੁ ਜਪਣ ਦੇ ਨਾਲ ਨਾਲ, ਹੋਰਨਾਂ ਨੂੰ ਵੀ ਨਾਮੁ ਜਪਾਉਂਦਾ ਹੈ।

**ਮ: ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ {੩੦੫-੩੦੬}**

ਗੁਰੂ ਰਾਮਦਾਸ ਸਾਹਿਬ ਨੇ ਸਿੱਖ ਦੀ ਪ੍ਰੀਭਾਸ਼ਾ ਸਬੰਧੀ ਇਸ ਸਬਦ ਵਿਚ ਸਪੱਸ਼ਟ ਕਿਹਾ ਹੈ, ਕਿ ਗੁਰੂ ਦਾ ਸਿੱਖ ਆਪ ਨਾਮੁ ਜਪਣ ਦੇ ਨਾਲ ਨਾਲ, ਹੋਰਨਾਂ ਨੂੰ ਵੀ ਨਾਮੁ ਜਪਾਉਂਦਾ ਹੈ। ਇਸ ਲਈ ਗੁਰੂ ਦੇ ਸਿੱਖ ਦਾ ਫਰਜ਼ ਬਣ ਜਾਂਦਾ ਹੈ ਕਿ ਸਾਝੇ ਤੌਰ ਤੇ ਸੰਗਤੀ ਰੂਪ ਵਿਚ ਗੁਰਬਾਣੀ ਗਾਇਨ ਕਰੇ। ਆਪ ਗੁਰਬਾਣੀ ਨੂੰ ਪੜ੍ਹੇ ਤੇ ਦੂਸਰਿਆ ਨੂੰ ਗੁਰਬਾਣੀ ਪੜ੍ਹਨ ਲਈ ਪ੍ਰੇਰਨਾ ਅਤੇ ਸਹਾਇਤਾ ਕਰੇ।

ਜੇ ਕਰ ਇਸ ਸਬਦ ਵਿਚ ਦਰਸਾਈ ਗਈ ਸਿੱਖ ਦੀ ਪ੍ਰੀਭਾਸ਼ਾ ਨੂੰ ਗੁਰੂ ਨਾਨਕ ਸਾਹਿਬ ਦਾ ੧੦੦ ਤੋਂ ਵੱਧ ਭਾਸ਼ਾਂਵਾਂ ਬਾਰੇ ਗਿਆਨ, ਤੇ ਹੋਰ ਬਹੁਤ ਸਾਰੇ ਵਿਸ਼ੇ ਜੋ ਅਸੀਂ ਅੱਜਕਲ ਸਕੂਲਾਂ ਤੇ ਯੂਨੀਵਰਸਟੀਆਂ ਵਿਚ ਪੜ੍ਹਦੇ ਹਾਂ, ਉਨ੍ਹਾਂ ਵਿਚੋ ਬਹੁਤ ਸਾਰੇ ਵਿਸ਼ਿਆਂ, ਜਿਨ੍ਹਾਂ ਸਬੰਧੀ ਗੁਰੂ ਨਾਨਕ ਸਾਹਿਬ ਦੀ ਡੂੰਘੀ ਜਾਣਕਾਰੀ ਸੀ, ਨੂੰ ਇਕੱਠਾ ਕਰਕੇ ਸਮਝਿਆ ਜਾਵੇ ਤਾਂ ਅਸੀਂ ਕਹਿ ਸਕਦੇ ਹਾਂ, ਕਿ ਇਕ ਅਨਪੜ੍ਹ ਵਿਅਕਤੀ ਸਿੱਖ ਕਹਿਲਾਉਂਣ ਦੇ ਲਾਇਕ ਨਹੀਂ। ਜੇ ਕਰ ਆਪਣੇ ਆਪ ਨੂੰ ਸਿੱਖ ਕਹਿਲਾਉਂਣਾਂ ਚਾਹੁੰਦੇ ਹਾਂ, ਤਾਂ ਸਾਨੂੰ ਦੁਨਿਆਵੀ ਤੇ ਅਧਿਆਤਮਕ ਸਿਖਿਆਵਾਂ, ਦੋਵੇ ਹੀ ਹਾਸਲ ਕਰਨੀਆਂ ਪੈਣਗੀਆਂ। ਅਨਪੜ੍ਹ ਪ੍ਰਚਾਰਕਾਂ ਕੋਲੋ ਗੁਮਰਾਹ ਹੋਣ ਦੀ ਬਜਾਏ ਪੜ੍ਹੇ ਲਿਖੇ, ਲਾਇਕ ਤੇ ਸੁਲਝੇ ਹੋਏ ਗ੍ਰੰਥੀ ਤੇ ਪ੍ਰਚਾਰਕ ਨਿਯੁਕਤ ਕਰਨੇ ਚਾਹੀਦੇ ਹਨ।

ਘਰੇਲੂ ਝਗੜੇ, ਸ਼ਰਾਬ ਤੇ ਨਸ਼ੇ, ਬਜੁਰਗਾਂ ਦੀਆਂ ਮੁਸ਼ਕਲਾਂ, ਔਰਤਾਂ ਤੇ ਜੁਲਮ, ਬੱਚਿਆਂ ਨਾਲ ਝਗੜੇ, ਨਸਲ ਭੇਦ ਭਾਵ ਤੇ ਜ਼ੁਲਮ, ਦਾਜ ਦਾ ਲਾਲਚ, ਸਿੱਖਾਂ ਦੀਆਂ ਮੁਸ਼ਕਲਾਂ ਵਿਚ ਹੋਰ ਵਾਧਾ ਕਰ ਰਹੇ ਹਨ, ਜਿਸ ਕਰਕੇ ਸਿੱਖਾਂ ਨੂੰ ਵਿਦੇਸ਼ਾਂ ਵਿਚ ਅਨਪੜ੍ਹ, ਗੰਦੇ ਤੇ ਮੁਜ਼ਰਮ ਸਮਝਿਆ ਜਾਂਦਾ ਹੈ। ਭਾਵੇਂ ਦੂਸਰੀਆਂ ਕੌਮਾਂ {ਯਹੂਦੀਆਂ} ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰੰਤੂ, ਉਨ੍ਹਾਂ ਨੇ ਆਪਸੀ ਸਹਾਇਤਾ ਲਈ ਸੰਸਥਾਵਾਂ ਕਾਇਮ ਕੀਤੀਆ ਹਨ। ਸਿੱਖਾਂ ਵਿਚ ਇਕ ਦੂਜੇ ਦੀ ਸਹਾਇਤਾ ਕਰਨ ਲਈ ਕੋਈ ਸੰਸਥਾ ਨਹੀਂ ਹੈ। ਅਮੀਰ ਸਿੱਖ ਦੂਜੇ ਸਿੱਖਾਂ ਦੀ ਸਹਾਇਤਾ ਨਹੀਂ ਕਰਦਾ ਹੈ, ਬਲਕਿ ਉਲਟਾ ਹੰਕਾਰ ਵਿਚ ਆ ਕੇ ਸਿੱਖੀ ਤੋਂ ਦੂਰ ਹੋ ਜਾਂਦਾ ਹੈ।

ਬੱਚਿਆਂ ਨੂੰ ਨਕਲ ਮਾਰ ਕੇ ਪਾਸ ਕਰਵਾਉਂਣ ਦੀ ਬਜਾਏ, ਮਾਤਾ ਪਿਤਾ ਨੂੰ ਬੱਚਿਆਂ ਦੀ ਪੜ੍ਹਾਈ ਤੇ ਗਿਆਨ ਵਲ ਧਿਆਨ ਦੇਣਾ ਪਵੇਗਾ। ਵਿਆਹਾਂ ਅਤੇ ਨਾਚ ਗਾਣਿਆਂ ਤੇ ਫਜ਼ੂਲ ਪੈਸੇ ਤੇ ਸਮਾਂ ਬਰਬਾਦ ਕਰਨ ਦੀ ਬਜਾਏ, ਬੱਚਿਆਂ ਲਈ ਪਿੰਡਾਂ, ਸਕੂਲਾਂ, ਕਾਲਜਾਂ ਵਿਚ ਅਧੁਨਿਕ ਤਕਨੀਕਾਂ ਨਾਲ ਬੱਚਿਆਂ ਦੀ ਸਿਖਲਾਈ ਲਈ ਪ੍ਰਬੰਧ ਕਰਨੇ ਚਾਹੀਦੇ ਹਨ। ਥਾਂ ਥਾਂ ਤੇ ਸੈਮੀਨਾਰ ਤੇ ਵਿਚਾਰ ਗੋਸ਼ਟੀਆਂ ਕਰਵਾਉਣੀਆਂ ਚਾਹੀਦੀਆਂ ਹਨ, ਸ਼ਖਸੀਅਤ ਵਿਕਾਸ {Personality Development} ਦੇ ਕੋਰਸ ਕਰਵਾਉਂਣੇ ਚਾਹੀਦੇ ਹਨ, ਨੌਂਕਰੀਆਂ ਦੀ ਭਾਲ ਸਬੰਧੀ ਜਾਣਕਾਰੀ ਲਈ ਕਿੱਤਾ ਪ੍ਰਤੀ ਮਾਰਗਦਰਸ਼ਨ {Vocational Guidance} ਲਈ ਪ੍ਰਬੰਧ ਕਰਨੇ ਚਾਹੀਦੇ ਹਨ। ਜਿਨ੍ਹਾਂ ਸਿੰਘਾਂ ਨੇ ਉੱਚੀਆਂ ਪਦਵੀਆਂ ਪ੍ਰਾਪਤ ਕੀਤੀਆਂ ਹਨ, ਉਨ੍ਹਾਂ ਨੂੰ ਪਿੰਡਾਂ, ਸਕੂਲਾਂ, ਕਾਲਜਾਂ ਵਿਚ ਬੁਲਾ ਕੇ ਜੀਵਨ ਵਿਚ ਸਫਲਤਾ ਪ੍ਰਾਪਤ ਕਰਨ ਸਬੰਧੀ ਜਾਣਕਾਰੀ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਆਪਸੀ ਸਾਂਝ ਤੇ ਸਹਾਇਤਾ, ਦੋਵੇ ਹੀ ਹੋ ਸਕਣਗੇ।

ਕਈ ਵਾਰੀ ਵੇਖਣ ਵਿਚ ਆਉਂਦਾ ਹੈ, ਕਿ ਕੋਈ ਵਿਦਵਾਨ ਤਾਂ ਨੇਕ ਸਲਾਹ ਦੇਣੀ ਚਾਹੁੰਦਾ ਹੈ, ਜਾਂ ਲੋਕਾਂ ਦੀ ਸਹਾਇਤਾ ਲਈ ਕੁਝ ਕਰਨਾ ਚਾਹੁੰਦਾ ਹੈ, ਪਰੰਤੂ, ਅਫਸੋਸ ਕਿ ਲੋਕ ਜਾਂ ਪ੍ਰਬੰਧਕ ਉਸ ਦਾ ਸਾਥ ਦੇਣ ਲਈ ਤਿਆਰ ਨਹੀਂ ਹੁੰਦੇ। ਇਸ ਦਾ ਕਾਰਨ ਵੀ ਲੋਕਾਂ ਜਾਂ ਪ੍ਰਬੰਧਕਾਂ ਦੀ ਹਉਮੈਂ ਤੇ ਅਗਿਆਨਤਾ ਹੀ ਹੈ, ਕਿ ਉਹ ਠੀਕ ਰਾਏ ਨੂੰ ਪਰਖ ਵੀ ਨਹੀਂ ਸਕਦੇ ਹਨ। ਆਪਣੇ ਕਿਤਿਆਂ ਵਿਚ ਨਿਪੁਨੰਤਾ ਹਾਸਲ ਕਰਨ ਲਈ ਸਿੱਖਾਂ ਨੂੰ ਆਪਣਾ ਅਧਿਆਤਮਿਕ ਤੇ ਵਿਦਿਅਕ ਪੱਧਰ ਉੱਚਾ ਕਰਨਾ ਪਵੇਗਾ, ਬੱਚਿਆਂ ਦੀ ਪੜ੍ਹਾਈ ਵਲ ਖਾਸ ਧਿਆਨ ਦੇਣਾ ਪਵੇਗਾ। ਤਕਨੀਕੀ ਜਾਣਕਾਰੀ ਦੇਣ ਲਈ ਬਹੁਤ ਸਾਰੇ ਡਿਪਲੋਮਾਂ ਤੇ ਇੰਜਨੀਅਰਿੰਗ ਕਾਲਜ ਖੋਲਣੇ ਪੈਣਗੇ, ਜਿਨ੍ਹਾਂ ਵਿਚ ਲੋੜੀਂਦੇ ਵਿਸ਼ਿਆਂ ਸਬੰਧੀ ਚੰਗੀ ਸਿਖਿਆ ਦਿੱਤੀ ਜਾ ਸਕੇ। ਬੱਚਿਆਂ ਦੀ ਜਾਣਕਾਰੀ ਤੇ ਸਿਖਲਾਈ ਲਈ ਪਿੰਡਾਂ, ਸਕੂਲਾਂ, ਕਾਲਜਾਂ ਵਿਚ ਅਧੁਨਿਕ ਤਕਨੀਕਾਂ ਵਰਤਣ ਲਈ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ। ਨੌਂਕਰੀਆਂ ਦੀ ਭਾਲ ਸਬੰਧੀ ਜਾਣਕਾਰੀ ਲਈ ਸਹਾਇਤਾ ਕੇਂਦਰ ਕਾਇਮ ਕਰਨੇ ਚਾਹੀਦੇ ਹਨ। ਜਿਨ੍ਹਾਂ ਸਿੰਘਾਂ ਨੇ ਆਪਣੇ ਕਿਤਿਆਂ ਵਿਚ ਉਪਲਬਧੀਆਂ ਹਾਸਲ ਕੀਤੀਆਂ ਹਨ, ਉਨ੍ਹਾਂ ਨੂੰ ਪਿੰਡਾਂ, ਸਕੂਲਾਂ, ਕਾਲਜਾਂ ਵਿਚ ਬੁਲਾ ਕੇ ਜੀਵਨ ਵਿਚ, ਕਿਸ ਤਰ੍ਹਾਂ ਸਫਲਤਾ ਪ੍ਰਾਪਤ ਕਰਨੀ ਹੈ, ਇਸ ਸਬੰਧੀ ਜਾਣਕਾਰੀ ਸਾਂਝੀ ਕਰਨ ਲਈ ਬੇਨਤੀ ਕਰਨੀ ਪਵੇਗੀ। ਇਸ ਤਰ੍ਹਾਂ ਕਰਨ ਨਾਲ ਠੀਕ ਤੇ ਲੋੜੀਦੀ ਜਾਣਕਾਰੀ ਹਰੇਕ ਬੱਚੇ ਤਕ ਆਸਾਨੀ ਨਾਲ ਪਹੁੱਚ ਸਕੇਗੀ।

ਜੀਵਨ ਵਿਚ ਸਫਲਤਾ ਲਈ ਸੱਚ ਦਾ ਵਿਉਪਾਰ ਜਰੂਰੀ ਹੈ। ਸਸਤੀਆਂ ਤੇ ਚੰਗੀਆਂ ਦੁਕਾਨਾਂ ਖੋਲੀਆਂ ਜਾਣ, ਖਾਣਪੀਣ ਵਾਲੀਆਂ ਤੇ ਆਮ ਵਰਤੋਂ ਵਾਲੀਆਂ ਚੀਜ਼ਾਂ ਦੀਆਂ ਦੁਕਾਨਾਂ ਆਸਾਨੀ ਨਾਲ ਸਸਤੀ ਲਾਗਤ ਨਾਲ ਖੋਲੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਵਿਉਪਾਰੀਆਂ ਜਾਂ ਸੰਗਤ ਨੂੰ ਸੱਚ ਦਾ ਵਾਪਾਰ ਕਰਨ ਦੀ ਸਿਖਿਆਂ ਦਿੱਤੀ ਜਾ ਸਕੇਗੀ। ਸਸਤਾ ਤੇ ਚੰਗਾ ਮਾਲ ਵੇਚਣਾ, ਠੀਕ ਤੋਲਣਾ ਅਤੇ ਹੇਰਾ ਫੇਰੀ ਨਾ ਕਰਨ ਨਾਲ, ਹੋਰਨਾਂ ਨੂੰ ਵੀ ਸੱਚੇ ਵਿਉਪਾਰ ਲਈ ਪ੍ਰੇਰਿਆ ਜਾ ਸਕੇਗਾ। ਇਸ ਤਰ੍ਹਾਂ ਕਰਨ ਨਾਲ ਮਨੁੱਖਾ ਜੀਵਨ ਸਫਲ ਕੀਤਾ ਜਾ ਸਕਦਾ ਹੈ।

**ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥ {੨੯੩}**

**ਮੇਹਨਤ → ਚੰਗੇ ਨੰਬਰ → ਚੰਗਾ ਕਾਲਜ → ਚੰਗੀ ਨੌਕਰੀ → ਚੰਗਾ ਰੁਤਬਾ**

**ਗੁਰਮਤਿ ਵੀਚਾਰ → ਗੁਰਬਾਣੀ ਦੇ ਸਿਧਾਂਤ → ਸੰਤੁਲਿਤ ਪਰਿਵਾਰਕ ਜੀਵਨ → ਜੀਵਨ ਵਿੱਚ ਸਦਭਾਵਨਾ → ਸਚਿਆਰ → {ਬੇਗਮਪੁਰਾ, ਅਨੰਦ}**

ਹਰੇਕ ਕਾਰਜ ਨੂੰ ਕਰਨ ਲਈ ਸਭ ਤੋਂ ਪਹਿਲਾਂ ਉਦਮ ਕਰਨਾ ਪੈਂਦਾ ਹੈ। ਜੇ ਕਰ ਪਹਿਲਾ ਕਦਮ ਹੀ ਨਾ ਪੁਟੀਏ ਤਾਂ ਅੱਗੇ ਵਧਿਆ ਨਹੀਂ ਜਾ ਸਕਦਾ ਹੈ। ਗੁਰਬਾਣੀ ਵੀ ਇਹੀ ਸਿਖਿਆ ਦੇਂਦੀ ਹੈ।

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥ {੫੨੨}**

**ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ ॥ ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ ॥੧੩੮॥ {੧੩੭੧}**

ਆਮ ਪੰਜਾਬੀ ਦੀ ਕਹਾਵਤ ਹੈ ਕਿ:

**"ਕੱਲ ਕਰਨਾ ਸੋ ਅੱਜ ਕਰ ਲੈ, ਅੱਜ ਕਰਨਾ ਸੋ ਅਬ ਕਰ ਲੈ"**

ਗੁਰੂ ਸਾਹਿਬ ਗੁਰਬਾਣੀ ਵਿਚ ਵਾਰ ਵਾਰ ਇਹੀ ਸਮਝਾਉਂਦੇ ਹਨ ਕਿ ਅਗਾਂਹ ਵਧਣ ਲਈ ਤਾਂਘ ਕਰ, ਪਿਛਾਂਹ ਨੂੰ ਮੋਢਾ ਨ ਮੋੜ, ਜੀਵਨ ਨੂੰ ਹੋਰ ਉਚਾ ਬਣਾਣ ਲਈ ਉੱਦਮ ਕਰ, ਨੀਵਾਂ ਨ ਹੋਣ ਦੇ। ਇਸੇ ਜਨਮ ਵਿਚ ਕਾਮਯਾਬ ਹੋ, ਜੀਵਨ ਦੀ ਖੇਡ ਜਿੱਤ, ਤਾਂ ਜੋ ਮੁੜ ਜਨਮ ਲੈਣ ਲਈ ਸੋਚਣਾ ਨਾ ਪਵੇ।

**ਡਖਣੇ ਮ: ੫ ॥ ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥ ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥੧॥ {੧੦੯੬}**

ਇਸ ਲਈ ਆਉ ਸਾਰੇ ਜਾਣੇ ਪ੍ਰਣ ਕਰੀਏ, ਕਿ ਅਸੀਂ ਆਪਣੇ ਗੁਰੂ ਸਾਹਿਬਾਂ ਦੀ ਤਰ੍ਹਾਂ, ਚੰਗੀ ਸਿਖਿਆ ਹਾਸਲ ਕਰੀਏ, ਗੁਰਬਾਣੀ ਨੂੰ ਜੀਵਨ ਦਾ ਆਧਾਰ ਬਣਾਈਏ, ਲਾਇਕ ਪਰਚਾਰਕ ਰੱਖੀਏ, ਅਤੇ ਉਦਮ ਕਰਕੇ ਮਨੁੱਖਤਾ ਨੂੰ ਖੁਸ਼ਹਾਲੀ ਤੇ ਆਨੰਦ ਦੀ ਅਵਸਥਾ ਵੱਲ ਲੈ ਕੇ ਜਾਈਏ।

ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫਤਿਹ

ਤਤਕਰਾ

# ਕੀ ਪੰਦਰਾਂ ਭਗਤ, ਜਿਨ੍ਹਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹੈ, ਉਹ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਏ ਸਨ, ਸਮਕਾਲੀ ਸਨ, ਜਾਂ ਗੁਰੂ ਨਾਨਕ ਸਾਹਿਬ ਤੋਂ ਬਾਅਦ ਹੋਏ ਸਨ?

## Were the fifteen Bhagats, whose Bani is recorded in the Guru Granth Sahib, born before Guru Nanak Sahib, were they contemporary with him, or were they after Guru Nanak Sahib?

{03.07.2008}

ਆਮ ਤੌਰ ਤੇ ਸਿੱਖ ਇਤਿਹਾਸ ਸਬੰਧਤ ਜੋ ਵੀ ਪੇਸ਼ ਕੀਤਾ ਜਾਂਦਾ ਹੈ, ਅਕਸਰ ਉਸ ਦੇ ਸੰਬੰਧੀ ਸਬੂਤ, ਤੇ ਉਹ ਕਿਸ ਆਧਾਰ ਤੇ ਲਿਆ ਗਿਆ ਹੈ, ਬਾਰੇ ਬਹੁਤ ਘੱਟ ਰੌਸ਼ਨੀ ਪਾਈ ਜਾਂਦੀ ਹੈ। ਸਮਾਂ ਪਾ ਕੇ ਚਲ ਰਹੀਆਂ ਪ੍ਰਚਲਤ ਕਹਾਣੀਆਂ, ਇਤਿਹਾਸ {ਅਸਲ ਵਿੱਚ ਮਿਥਿਆਸ} ਦਾ ਰੂਪ ਲੈ ਲੈਂਦੀਆਂ ਹਨ, ਕਿਉਂਕਿ ਲੋਕ ਆਪਣੀ ਬੁਧੀ ਅਨੁਸਾਰ ਕਈ ਵਾਰੀ ਕੁਝ ਬਦਲਾਵ ਵੀ ਕਰਦੇ ਰਹਿੰਦੇ ਹਨ, ਕੁਝ ਕੁ ਸਦੀਆਂ ਬਾਅਦ ਕਈ ਵਾਰੀ, ਕੁਝ ਹੋਰ ਹੀ ਬਣ ਜਾਂਦਾ ਹੈ, ਤੇ ਅਸੀਂ ਅਸਲੀਅਤ ਤੋਂ ਬਹੁਤ ਦੂਰ ਚਲੇ ਜਾਂਦੇ ਹਾਂ।

ਗੁਰੂ ਗਰੰਥ ਸਾਹਿਬ ਵਿਚ ੧੫ ਭਗਤਾਂ ਦੀ ਬਾਣੀ ਦਰਜ ਹੈ। ਪਰੰਤੂ ਉਨ੍ਹਾਂ ਬਾਰੇ ਇਤਿਹਾਸਕ ਜਾਣਕਾਰੀ ਬਹੁਤ ਘਟ ਹੈ। ਬਹੁਤ ਸਾਰਿਆਂ ਬਾਰੇ ਕਰਾਮਾਤੀ ਕਥਾਵਾਂ ਪ੍ਰਚਲਤ ਹੋ ਗਈਆਂ ਹਨ। ਗੁਰਮਤਿ ਅਨੁਸਾਰ ਕਰਾਮਾਤ ਬਿਲਕੁਲ ਪ੍ਰਵਾਨ ਨਹੀਂ, ਪਰਤੂੰ ਆਮ ਲੋਕਾਂ ਨੂੰ ਕਰਾਮਾਤ ਬਹੁਤ ਚੰਗੀ ਲਗਦੀ ਹੈ, ਤੇ ਉਸ ਨਾਲ ਬਹੁਤ ਪ੍ਰਭਾਵਤ ਵੀ ਹੁੰਦੇ ਹਨ। ਇਹੀ ਕਾਰਨ ਹੈ ਕਿ ਕਰਾਮਾਤੀ ਕਹਾਣੀਆਂ ਸੁਣਾਉਂਣ ਵਾਲੇ ਬਾਬਿਆਂ ਨਾਲ ਪ੍ਰਭਾਵਤ ਹੋਣ ਵਾਲੇ ਲੋਕਾਂ ਦੀ ਗਿਣਤੀ, ਸੱਚ ਤੇ ਆਧਾਰ ਤੇ ਚਲਣ ਵਾਲਿਆਂ ਨਾਲੋਂ ਕਿਤੇ ਜਿਆਦਾ ਹੁੰਦੀ ਹੈ। ਆਮ ਤੌਰ ਤੇ ਪ੍ਰਚਲਤ ਇਤਿਹਾਸ ਅਨੁਸਾਰ ੧੫ ਭਗਤਾਂ ਦਾ ਕਾਲ ਸਮਾਂ ਹੇਠ ਲਿਖੇ ਅਨੁਸਾਰ ਹੈ।

http://www.sikhiwiki.org/index.php {2008}
https://www.sikhiwiki.org/index.php/Sikh_Bhagats {2026}

ਭਗਤ ਕਬੀਰ ਜੀ {੧੪੪੧ ਤੋਂ ੧੫੧੮}, ਭਗਤ ਨਾਮ ਦੇਵ ਜੀ {੧੨੭੦ ਤੋਂ ੧੩੫੦}, ਬਾਬਾ ਫਰੀਦ ਜੀ {੧੧੭੩ ਤੋਂ ੧੨੬੫}, ਭਗਤ ਰਵਿਦਾਸ ਜੀ {੧੩੯੯ ਤੋਂ}, ਭਗਤ ਤ੍ਰਿਲੋਚਨ ਜੀ {੧੨੬੭ ਤੋਂ}, ਭਗਤ ਧੰਨਾਂ ਜੀ {੧੪੧੫ ਤੋਂ}, ਭਗਤ ਬੇਣੀ ਜੀ {ਪਤਾ ਨਹੀਂ}, ਭਗਤ ਜੈਦੇਵ ਜੀ {੧੧੭੦ ਦੇ ਲਾਗੇ}, ਭਗਤ ਭੀਖਨ ਜੀ {੧੪੮੦ ਤੋਂ ੧੫੭੩}, ਭਗਤ ਸੈਣੁ ਜੀ {੧੩੪੪ ਦੇ ਲਾਗੇ}, ਭਗਤ ਪੀਪਾ ਜੀ {੧੪੨੫ ਤੋਂ}, ਭਗਤ ਰਾਮਾਨੰਦ ਜੀ {੧੩੬੬ ਤੋਂ}, ਭਗਤ ਪਰਮਾਨੰਦ ਜੀ {੧੪੮੩ ਤੋਂ}, ਭਗਤ ਸੂਰਦਾਸ ਜੀ {੧੪੮੩ ਤੋਂ ੧੫੭੩}, ਭਗਤ ਸਧਨਾ ਜੀ {੧੧੮੦ ਤੋਂ}

ਸਮੇ ਦੀ ਤਰਤੀਬ ਅਨੁਸਾਰ ਪ੍ਰਚਲਤ ਇਤਿਹਾਸ ਇਸ ਤਰ੍ਹਾਂ ਹੈ:

ਭਗਤ ਜੈਦੇਵ ਜੀ {੧੧੭੦ ਦੇ ਲਾਗੇ}, ਬਾਬਾ ਫਰੀਦ ਜੀ {੧੧੭੩ ਤੋਂ ੧੨੬੫}, ਭਗਤ ਸਧਨਾ ਜੀ {੧੧੮੦ ਤੋਂ}, ਭਗਤ ਤ੍ਰਿਲੋਚਨ ਜੀ {੧੨੬੭ ਤੋਂ}, ਭਗਤ ਨਾਮ ਦੇਵ ਜੀ {੧੨੭੦ ਤੋਂ ੧੩੫੦}, ਭਗਤ ਭਗਤ ਰਾਮਾਨੰਦ ਜੀ {੧੩੬੬ ਤੋਂ}, ਭਗਤ ਰਵਿਦਾਸ ਜੀ {੧੩੯੯ ਤੋਂ}, ਭਗਤ ਧੰਨਾਂ ਜੀ {੧੪੧੫ ਤੋਂ}, ਭਗਤ ਪੀਪਾ ਜੀ {੧੪੨੫ ਤੋਂ}, ਭਗਤ ਕਬੀਰ ਜੀ {੧੪੪੧ ਤੋਂ ੧੫੧੮}, ਭਗਤ ਭੀਖਨ ਜੀ {੧੪੮੦ ਤੋਂ ੧੫੭੩}, ਭਗਤ ਪਰਮਾਨੰਦ ਜੀ {੧੪੮੩ ਤੋਂ}, ਭਗਤ ਸੈਣੁ ਜੀ {੧੫੦੦ ਦੇ ਲਾਗੇ}, ਭਗਤ ਸੂਰਦਾਸ ਜੀ {੧੪੮੩ ਤੋਂ ੧੫੭੩}, ਭਗਤ ਬੇਣੀ ਜੀ {ਪਤਾ ਨਹੀਂ}

ਇਤਿਹਾਸ ਨੂੰ ਪਰਖਣ ਲਈ ਸਾਡੇ ਕੋਲ ਇਕ ਉੱਤਮ, ਸਪੱਸ਼ਟ ਤੇ ਕਾਰਗਰ ਗਿਆਨ ਦਾ ਭੰਡਾਰ ਵੀ ਮੌਜੂਦ ਹੈ। ਆਓ ਉਸ ਗਿਆਨ ਦੇ ਸੋਮੇ, ਜੁਗੋ ਜੁਗ ਅਟੱਲ, ਗੁਰੂ ਗਰੰਥ ਸਾਹਿਬ ਕੋਲੋ ਇਸ ਇਤਿਹਾਸ ਬਾਰੇ ਕੁਝ ਕੁ ਸੇਧ ਲੈਂਣ ਦਾ ਉਪਰਾਲਾ ਕਰੀਏ।

ਗੁਰੂ ਅਰਜਨ ਸਾਹਿਬ ਨੇ ਭਗਤਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਕਰਕੇ, ਉਨ੍ਹਾਂ ਨੂੰ ਸਿਰਫ ਮਾਣ ਹੀ ਨਹੀਂ ਦਿਤਾ ਹੈ, ਬਲਕਿ ਉਨ੍ਹਾਂ ਭਗਤਾਂ ਦੇ ਗੁਣ, ਗੁਰੂ ਸਾਹਿਬਾਂ ਨੇ, ਆਪਣੀ ਰਚਨਾਂਵਾਂ ਵਿਚ ਕਈ ਥਾਂ ਤੇ ਸਾਂਝੇ ਕੀਤੇ ਹਨ।

ਗੁਰੂ ਅਮਰਦਾਸ ਸਾਹਿਬ ਨੇ ਹੇਠ ਲਿਖੇ ਸਬਦ ਦੀ ਰਹਾਉ ਦੀ ਪੰਕਤੀ ਵਿਚ ਮਨ ਨੂੰ ਸੰਬੋਧਨ ਕਰਕੇ ਕਿਹਾ ਹੈ ਕਿ ਅਕਾਲ ਪੁਰਖੁ ਦਾ ਨਾਮੁ ਜਪ ਤਾਂ ਜੋ ਆਤਮਕ ਆਨੰਦ ਮਿਲ ਸਕੇ। ਇਹ ਦਾਤ ਗੁਰੂ ਤੋਂ ਮਿਲਦੀ ਹੈ, ਇਸ ਲਈ ਪੂਰੇ ਗੁਰੂ ਨੂੰ ਧੰਨ ਧੰਨ ਆਖਣਾ ਚਾਹੀਦਾ ਹੈ। ਗੁਰੂ ਦੀ ਸ਼ਰਨ ਪਿਆਂ ਮਨੁੱਖ ਆਤਮਕ ਅਡੋਲਤਾ ਵਿਚ ਟਿਕਦਾ ਹੈ, ਤੇ ਮਨੁੱਖ ਨੂੰ ਅਕਾਲ ਪੁਰਖੁ ਮਿਲ ਪੈਂਦਾ ਹੈ।

**ਸਿਰੀਰਾਗੁ ਮਹਲਾ ੩ ॥ ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥ ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥ ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥ ਮਨ ਰੇ ਨਾਮੁ ਜਪਹੁ ਸੁਖੁ ਹੋਇ ॥ ਗੁਰੁ ਪੂਰਾ ਸਾਲਾਹੀਐ ਸਹਜਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥ ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ ॥ ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ ॥ ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥੨॥ ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ ॥ ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥ ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥੩॥ {67,68}**

ਰਹਾਉ ਦੀ ਪੰਕਤੀ ਵਿਚ ਗੁਰੂ ਸਾਹਿਬ ਨੇ ਪੂਰੇ ਗੁਰੂ ਦੁਆਰਾ ਗੁਣ ਗਾਇਨ ਕਰਨ ਦੀ ਸਿਖਿਆ ਦਿਤੀ ਹੈ ਤੇ ਨਾਲ ਹੀ ਇਸੇ ਸਬਦ ਵਿਚ ਭਗਤ ਨਾਮਦੇਵ ਜੀ ਤੇ ਭਗਤ ਕਬੀਰ ਜੀ ਬਾਰੇ, ਆਪ ਜੀ ਨੇ ਪੂਰੇ ਗੁਰੂ ਦੁਆਰਾ ਗੁਣ ਗਾਇਨ ਕਰਨ ਦਾ ਜਿਕਰ ਵੀ ਕੀਤਾ ਹੈ। ਭਾਵੇਂ ਭਗਤ ਨਾਮਦੇਵ ਜੀ ਜਾਤ ਦਾ ਛੀਂਬਾ ਸੀ ਤੇ ਭਗਤ ਕਬੀਰ ਜੀ ਜੁਲਾਹਾ ਸੀ, ਪਰੰਤੂ, ਉਨ੍ਹਾਂ ਨੇ ਪੂਰੇ ਗੁਰੂ ਤੋਂ ਉੱਚੀ ਆਤਮਕ ਅਵਸਥਾ ਹਾਸਲ ਕੀਤੀ, ਉਹ ਅਕਾਲ ਪੁਰਖੁ ਦੇ ਨਾਲ ਸਾਂਝ ਪਾਉਂਣ ਵਾਲੇ ਬਣ ਗਏ, ਉਨ੍ਹਾਂ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਨਾਲ ਡੂੰਘੀ ਸਾਂਝ ਪਾ ਲਈ, ਤੇ ਇਸ ਤਰ੍ਹਾਂ ਉਨ੍ਹਾਂ ਆਪਣੇ ਅੰਦਰੋਂ ਹਉਮੈ ਦਾ ਬੀਜ ਨਾਸ ਕਰ ਲਿਆ। ਹੁਣ ਦੇਵਤੇ ਤੇ ਮਨੁੱਖ ਉਨ੍ਹਾਂ ਦੀ ਉਚਾਰੀ ਹੋਈ ਬਾਣੀ ਗਇਨ ਕਰਦੇ ਹਨ, ਕੋਈ ਵੀ ਉਨ੍ਹਾਂ ਨੂੰ ਮਿਲੀ ਹੋਈ, ਇਸ ਇੱਜ਼ਤ ਨੂੰ ਮਿਟਾ ਨਹੀਂ ਸਕਦਾ ਹੈ।

ਸਾਰੇ ਭਗਤਾਂ ਨੇ ਪੂਰੇ ਗੁਰੂ ਤੋਂ ਉੱਚੀ ਆਤਮਕ ਅਵਸਥਾ ਹਾਸਲ ਕੀਤੀ, ਆਪਣੇ ਅੰਦਰੋਂ ਹਉਮੈ ਦੂਰ ਕੀਤਾ ਤੇ ਅਕਾਲ ਪੁਰਖੁ ਦੇ ਨਾਲ ਸਾਂਝ ਪਾ ਲਈ। **ਇਕ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ, ਕਿ ਪੂਰੇ ਗੁਰੂ ਅਤੇ ਸਬਦ ਗੁਰੂ ਸਬੰਧੀ ਵਿਚਾਰਧਾਰਾ ਸਿਰਫ ਗੁਰੂ ਨਾਨਕ ਸਾਹਿਬ ਨੇ ਆਰੰਭ ਕੀਤੀ ਸੀ, ਕਿਸੇ ਹੋਰ ਨੇ ਨਹੀਂ।** ਜਿਨ੍ਹਾਂ ਭਗਤਾਂ ਦਾ ਜਿਕਰ ਗੁਰੂ ਸਾਹਿਬਾਂ ਜਾਂ ਦੂਸਰੇ ਭਗਤਾਂ ਨੇ ਗੁਰੂ ਗਰੰਥ ਸਾਹਿਬ ਵਿਚ ਕੀਤਾ ਹੈ, ਉਨ੍ਹਾਂ ਦਾ ਵੇਰਵਾ ਕੁਝ ਇਸ ਪ੍ਰਕਾਰ ਹੈ:

http://www.geocities.ws/sarbjitsingh/Bani6010GurMag.pdf,
http://www.sikhmarg.com/2008/0706-bhagat-sumkali.html,
https://www.geocities.ws/sarbjitsingh/Bani6010EngMag.pdf

ਨਾਮਦੇਉ ਸਬਦ ਦੀ ਵਰਤੋਂ ਪਾ: ੪, ੫ ਤੇ ਭਗਤ ਰਵਿਦਾਸ ਜੀ ਨੇ, ਭਗਤ ਨਾਮਦੇਵ ਜੀ ਲਈ ਕੀਤੀ ਹੈ। {ਆਸਾ ਮਹਲਾ ੪ {੪੫੧}, ਰਵਿਦਾਸ {੪੮੭}, ਮਹਲਾ ੫ {੪੮੭}, ਗੂਜਰੀ ਮਹਲਾ ੫ ਦੁਪਦੇ ਘਰੁ ੨ {੪੯੮}, ਸੂਹੀ ਮਹਲਾ ੪ ਘਰੁ ੬ {੭੩੩}, ਸਾਰਗ ਮਹਲਾ ੫ {੧੨੦੭}}

ਨਾਮਦੇਉ ਸਬਦ ਦੀ ਵਰਤੋਂ ਖ਼ੁੱਦ ਭਗਤ ਨਾਮਦੇਵ ਜੀ ਨੇ ਆਪਣੇ ਆਪ ਲਈ ਵੀ ਕੀਤੀ ਹੈ। {੪੮੫, ੫੨੫, ੬੯੩, ੭੧੮, ੮੭੪, ੯੭੨, ੯੮੮, ੧੧੬੩, ੧੧੬੪, ੧੧੬੪, ੧੧੬੫, ੧੧੬੫, ੧੧੬੬, ੧੧੬੭, ੧੧੯੬, ੧੨੫੨, ੧੨੯੨, ੧੩੫੧}

ਨਾਮਦੇਵ ਸਬਦ ਦੀ ਵਰਤੋਂ ਪਾ: ੫ ਤੇ ਭਗਤ ਰਵਿਦਾਸ ਜੀ ਨੇ, ਭਗਤ ਨਾਮਦੇਵ ਜੀ ਲਈ ਕੀਤੀ ਹੈ। {ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ {੧੧੦੬}, ਬਸੰਤੁ ਮਹਲਾ ੫ ਘਰੁ ੧ ਦੁਤੁਕੀਆ {੧੧੯੨}}

ਨਾਮਦੇਵ ਸਬਦ ਦੀ ਵਰਤੋਂ ਖ਼ੁੱਦ ਭਗਤ ਨਾਮਦੇਵ ਜੀ ਨੇ ਆਪਣੇ ਆਪ ਲਈ ਵੀ ਕੀਤੀ ਹੈ। {੭੧੮, ੧੧੬੬, ੧੨੫੩}

ਨਾਮਦੇਅ ਸਬਦ ਦੀ ਵਰਤੋਂ ਪਾ: ੪ ਨੇ, ਭਗਤ ਨਾਮਦੇਵ ਜੀ ਲਈ ਕੀਤੀ ਹੈ। {ਸੂਹੀ ਮਹਲਾ ੪ ਘਰੁ ੬ {੭੩੩}}

ਨਾਮਦੇਅ ਸਬਦ ਦੀ ਵਰਤੋਂ ਖ਼ੁੱਦ ਭਗਤ ਨਾਮਦੇਵ ਜੀ ਨੇ ਨਹੀਂ ਕੀਤੀ ਹੈ।

ਨਾਮਦੇ ਸਬਦ ਸਿਰਲੇਖ ਦੇ ਤੌਰ ਤੇ ਵਰਤਿਆ ਗਿਆ। ਰਾਗੁ ਸੋਰਠਿ ਬਾਣੀ ਭਗਤ ਨਾਮਦੇ ਜੀ ਕੀ ਘਰੁ ੨ ॥ ੧ੴ ਸਤਿਗੁਰ ਪ੍ਰਸਾਦਿ ॥ {੬੫੬}

ਨਾਮੇ, ਨਾਮੈ ਸਬਦ ਗੁਰੂ ਗਰੰਥ ਸਾਹਿਬ ਵਿਚ ਨਾਮੁ ਲਈ ਵੀ ਬਹੁਤ ਵਾਰੀ ਆਇਆ ਹੈ, ਜੋ ਕਿ ਭਗਤ ਨਾਮਦੇਵ ਜੀ ਲਈ ਨਹੀਂ ਵਰਤਿਆ ਗਿਆ ਹੈ। ਨਾਮੈ ਸਬਦ ਦੀ ਵਰਤੋਂ ਪਾ: ੩ ਤੇ ਭੱਟਾਂ ਨੇ, ਭਗਤ ਨਾਮਦੇਵ ਜੀ ਲਈ ਵੀ ਕੀਤੀ ਹੈ। {ਸੋਰਠਿ ਘਰੁ ੩ {੬੫੭, ਨਾਮੈ}, ਸਵਈਏ ਮਹਲੇ ਤੀਜੇ ਕੇ ੩ {੧੩੯੪, ਨਾਮੈ}}

ਭਗਤ ਨਾਮਦੇਵ ਜੀ ਨੇ ਨਾਮੇ, ਸਬਦ ਆਪਣੇ ਲਈ ਕਈ ਵਾਰੀ ਵਰਤਿਆ ਹੈ। ਭਗਤ ਨਾਮਦੇਵ ਜੀ ਨੇ ਨਾਮੈ ਸਬਦ ਆਪਣੇ ਲਈ ਕਦੀ ਕਦੀ ਵਰਤਿਆ ਹੈ। {੩੪੫, ੪੮੫, ੫੨੫, ੬੫੭, ੬੯੩, ੭੧੮, ੭੨੭, ੮੭੪, ੮੭੫, ੯੮੮, ੧੧੬੩ {ਨਾਮੈ}, ੧੧੬੪, ੧੧੬੪, ੧੧੬੫, ੧੧੬੬, ੧੧੬੭, ੧੨੯੨, ੧੩੧੮}

ਨਾਮਾ ਸਬਦ, ਗੁਰੂ ਗਰੰਥ ਸਾਹਿਬ ਵਿਚ ਨਾਮੁ ਲਈ ਬਹੁਤ ਵਾਰੀ ਆਇਆ ਹੈ।

ਨਾਮਾ ਸਬਦ ਦੀ ਵਰਤੋਂ ਪਾ: ੩, ੪, ੫, ਭਗਤ ਤ੍ਰਿਲੋਚਨ ਜੀ, ਭਗਤ ਕਬੀਰ ਜੀ ਤੇ ਭੱਟਾਂ ਨੇ ਭਗਤ ਨਾਮਦੇਵ ਜੀ ਲਈ ਵੀ ਕੀਤੀ ਹੈ। {ਸਿਰੀਰਾਗੁ ਮਹਲਾ ੩ {੬੭}, ਰਾਗ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ {੩੩੦}, ਬਿਲਾਵਲੁ ਮਹਲਾ ੪ {੮੩੫}, ਬਿਲਾਵਲੁ {ਕਬੀਰ} {੮੫੬}, ਮਾਰੂ ਮਹਲਾ ੪ ਘਰੁ ੨ {੯੯੫}, ਕਬੀਰ ਕਾ ਸਬਦੁ ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ {੧੧੦੫}, ਬਸੰਤੁ ਬਾਣੀ ਭਗਤਾਂ ਕੀ ॥ ਕਬੀਰ ਜੀ ਘਰੁ ੧ {੧੧੯੪}, ਮਹਲਾ ੫ {੧੩੭੫} **{ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ}, {ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ},** ਸਵਈਏ ਮਹਲੇ ਚਉਥੇ ਕੇ ੪ {੧੪੦੫}, ਕਬੀਰ {੧੩੭੭}, ਸਵਈਏ ਮਹਲੇ ਪਹਿਲੇ ਕੇ ੧ {ਭੱਟਾਂ, ੧੩੯੦}, ਸਵਈਏ ਮਹਲੇ ਤੀਜੇ ਕੇ ੩ {੧੩੯੩}, ਸਵਈਏ ਮਹਲੇ ਚਉਥੇ ਕੇ ੪ {੧੪੦੫}}

ਭਗਤ ਨਾਮਦੇਵ ਜੀ ਨੇ ਨਾਮਾ, ਸਬਦ ਆਪਣੇ ਆਪ ਲਈ ਕਈ ਵਾਰੀ ਵਰਤਿਆ ਹੈ। {ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ {੪੮੫}, {੪੮੬}, ਰਾਗੁ ਸੋਰਠਿ ਬਾਣੀ ਭਗਤ ਨਾਮਦੇ ਜੀ ਕੀ ਘਰੁ ੨ {੬੫੭}, ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ {੬੯੪}, ਰਾਗੁ ਗੋਂਡ ਬਾਣੀ ਨਾਮਦੇਉ ਜੀ ਕੀ ਘਰੁ ੧ {੮੭੩, ੮੭੪}, ਰਾਗੁ ਗੌਂਡ ਬਾਣੀ ਨਾਮਦੇਉ ਜੀਉ ਕੀ ਘਰੁ ੨ {੮੭੪, ਬਾਣੀ ਨਾਮਦੇਉ ਜੀਉ ਕੀ ਰਾਮਕਲੀ ਘਰੁ ੧ {੯੭੨, ੯੭੩}, ਮਾਲੀ ਗਉੜਾ ਬਾਣੀ ਭਗਤ ਨਾਮਦੇਵ ਜੀ ਕੀ {੯੮੮}, ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧ {੧੧੬੪}, ਭੈਰਉ ਨਾਮਦੇਉ ਜੀਉ ਘਰੁ ੨ {੧੧੬੫, ੧੧੬੬}, ਬਸੰਤੁ ਬਾਣੀ ਨਾਮਦੇਉ ਜੀ ਕੀ {੧੧੯੬}, ਪ੍ਰਭਾਤੀ ਬਾਣੀ ਭਗਤ ਨਾਮਦੇਵ ਜੀ ਕੀ {੧੩੫੧}}

ਉੱਪਰ ਵਰਨਣ ਕੀਤੇ ਸਾਰੇ ਸਬਦ ਇਹੀ ਸੰਕੇਤ ਕਰਦੇ ਹਨ, ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਦਾ ਜਿਕਰ {ਨਾਮਦੇਉ, ਨਾਮਦੇਵ, ਨਾਮਦੇਅ, ਨਾਮਦੇ, ਨਾਮੇ, ਨਾਮੈ, ਨਾਮਾ} ਸਿਰਫ ਪਾ: ੩, ੪, ੫, ਭਗਤ ਤ੍ਰਿਲੋਚਨ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਤੇ ਭੱਟਾਂ ਨੇ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਕਬੀਰ {ਕਬੀਰੁ, ਕਬੀਰ, ਕਬੀਰਾ} ਸਬਦ ਦੀ ਵਰਤੋਂ ਪਾ: ੩, ੪, ੫, ਭਗਤ ਰਵਿਦਾਸ ਜੀ ਤੇ ਭੱਟਾਂ ਨੇ, ਭਗਤ ਕਬੀਰ ਜੀ ਲਈ ਕੀਤੀ ਹੈ। {ਸਿਰੀਰਾਗੁ ਮਹਲਾ ੩ {੬੭}, ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ {ਰਵਿਦਾਸ, ੪੮੭}, ਮਹਲਾ ੫ {੪੮੭}, ਗੂਜਰੀ ਮਹਲਾ ੫ ਦੁਪਦੇ ਘਰੁ ੨ {੪੯੮}, ਮਹਲਾ ੫ {੯੬੫}, ਸਲੋਕ ਮਹਲਾ ੫ {੯੬੫}, ਮਾਰੂ ਮਹਲਾ ੪ ਘਰੁ ੨ {੯੯੫}, ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ {੧੧੦੬}, ਭੈਰਉ ਮਹਲਾ ੫ {੧੧੩੬}, ਸਾਰਗ ਮਹਲਾ ੫ {੧੨੦੭}, ਮਲਾਰ ਬਾਣੀ ਭਗਤ ਰਵਿਦਾਸ ਜੀ ਕੀ {੧੨੯੩}, ਮਹਲਾ ੫ {੧੩੭੫}, ਸਵਈਏ ਮਹਲੇ ਪਹਿਲੇ ਕੇ ੧ {ਭੱਟਾਂ, ੧੩੯੦}, ਸਵਈਏ ਮਹਲੇ ਚਉਥੇ ਕੇ ੪ {੧੪੦੬} {ਕਬੀਰ ਤਿਲੋਚਨ}}

ਭਗਤ ਕਬੀਰ ਜੀ ਨੇ ਕਬੀਰ {ਕਬੀਰੈ, ਕਬੀਰਾ, ਕਬੀਰੁ}, ਸਬਦ ਆਪਣੇ ਆਪ ਲਈ ਕਈ ਵਾਰੀ ਵਰਤਿਆ ਹੈ। {ਸਿਰੀਰਾਗੁ ਕਬੀਰ ਜੀਉ ਕਾ {੯੨}, ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ ੧੪ {੩੨੩ ਤੋਂ ੩੪੦, ੩੪੨ ਤੋਂ ੩੪੫}, ਆਸਾ ਸ੍ਰੀ ਕਬੀਰ ਜੀਉ {੪੭੫ ਤੋਂ ੪੮੪}, ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨ ਦੂਜਾ {੫੨੪}, ਸਲੋਕ {੫੫੫}, ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧ {੬੫੪, ੬੫੫, ੬੫੬}, ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ {੬੯੧, ੬੯੨}, ਤਿਲੰਗ ਬਾਣੀ ਭਗਤਾ ਕੀ ਕਬੀਰ ਜੀ {੭੨੭}, ਰਾਗੁ ਸੂਹੀ ਬਾਣੀ ਸ੍ਰੀ ਕਬੀਰ ਜੀਉ ਤਥਾ ਸਭਨਾ ਭਗਤਾ ਕੀ {੭੯੨, ੭੯੩}, ਬਿਲਾਵਲੁ ਬਾਣੀ ਭਗਤਾ ਕੀ ॥ ਕਬੀਰ ਜੀਉ ਕੀ {੮੫੫, ੮੫੬, ੮੫੭}, ਰਾਗੁ ਗੋਂਡ ਬਾਣੀ ਭਗਤਾ ਕੀ ॥ ਕਬੀਰ ਜੀ ਘਰੁ ੧ {੮੭੦ ਤੋਂ ੮੭੩}, ਸਲੋਕੁ {੯੪੭}, ਸਲੋਕੁ {੯੪੮}, ਰਾਮਕਲੀ ਬਾਣੀ ਭਗਤਾ ਕੀ ॥ ਕਬੀਰ ਜੀਉ {੯੬੮ ਤੋਂ ੯੭੨}, ਰਾਗੁ ਮਾਰੂ ਬਾਣੀ ਕਬੀਰ ਜੀਉ ਕੀ {੧੧੦੨, ੧੧੦੫}, ਕਬੀਰ ਕਾ ਸਬਦੁ ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ {੧੧੦੫}, ਮਾਰੂ ਕਬੀਰ ਜੀਉ {੧੧੦੫}, ਕਬੀਰੁ ॥ ਮਾਰੂ {੧੧੦੬}, ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ {੧੧੨੩, ੧੧੨੪}, ਭੈਰਉ ਬਾਣੀ ਭਗਤਾ ਕੀ ॥ ਕਬੀਰ ਜੀਉ ਘਰੁ ੧ {੧੧੫੭ ਤੋਂ ੧੧੬੩}, ਬਸੰਤੁ ਬਾਣੀ ਭਗਤਾਂ ਕੀ ॥ ਕਬੀਰ ਜੀ ਘਰੁ ੧ {੧੧੯੩ ਤੋਂ ੧੧੯੬}, ਰਾਗੁ ਸਾਰੰਗ ਬਾਣੀ ਭਗਤਾਂ ਕੀ ॥ ਕਬੀਰ ਜੀ {੧੨੫੧, ੧੨੫੨}, ਸਾਰੰਗ ਕਬੀਰ ਜੀਉ {੧੨੫੩,}, ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ {੧੩੪੯, ੧੩੫੦}, ਸਲੋਕ ਭਗਤ ਕਬੀਰ ਜੀਉ ਕੇ {੧੩੬੪ ਤੋਂ ੧੩੭੭}}

ਕਬੀਰਿ ਸਬਦ ਦੀ ਵਰਤੋਂ ਪਾ: ੫, ਨੇ, ਭਗਤ ਕਬੀਰ ਜੀ ਲਈ ਕੀਤੀ ਹੈ। {ਬਸੰਤੁ ਮਹਲਾ ੫ ਘਰੁ ੧ ਦੁਤੁਕੀਆ ॥ {੧੧੯੨}}

ਭਗਤ ਕਬੀਰ ਜੀ ਨੇ ਕਬੀਰਿ, ਸਬਦ ਆਪਣੇ ਆਪ ਲਈ ਵੀ ਵਰਤਿਆ ਹੈ। {ਰਾਮਕਲੀ ਬਾਣੀ ਭਗਤਾ ਕੀ ॥ ਕਬੀਰ ਜੀਉ {੯੭੦}}

ਕੰਬੀਰੁ ਸਬਦ ਦੀ ਵਰਤੋਂ ਪਾ: ੪, ਨੇ, ਭਗਤ ਕਬੀਰ ਜੀ ਲਈ ਕੀਤੀ ਹੈ। {ਬਿਲਾਵਲੁ ਮਹਲਾ ੪ {੮੩੫}, {ਕੰਬੀਰੁ}, ਸਵਈਏ ਮਹਲੇ ਤੀਜੇ ਕੇ ੩ {੧੩੯੪} {ਕੰਬੀਰਹਿ}}

ਭਗਤ ਕਬੀਰ ਜੀ ਨੇ ਕਮੀਰ, ਸਬਦ ਆਪਣੇ ਆਪ ਲਈ ਵੀ ਵਰਤਿਆ ਹੈ। {ਰਾਮਕਲੀ ਘਰੁ ੨ ਬਾਣੀ ਕਬੀਰ ਜੀ ਕੀ {੯੭੨}}

ਗੁਰੂ ਗਰੰਥ ਸਾਹਿਬ ਵਿਚ ਇਸ ਸਿਰਲੇਖ ਦੀ ਵਰਤੋਂ ਵੀ ਕੀਤੀ ਗਈ ਹੈ। {ਕਬੀਰ ਕਾ ਸਬਦੁ ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ {੧੧੦੫}}

ਉੱਪਰ ਵਰਨਣ ਕੀਤੇ ਸਾਰੇ ਸਬਦ ਇਹੀ ਸੰਕੇਤ ਕਰਦੇ ਹਨ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਕਬੀਰ ਜੀ ਦਾ ਜਿਕਰ {ਕਬੀਰੁ, ਕਬੀਰ, ਕਬੀਰਾ ਕਬੀਰੈ, ਕਬੀਰਿ, ਕੰਬੀਰੁ, ਕਮੀਰ} ਸਿਰਫ ਪਾ: ੩, ੪, ੫, ਭਗਤ ਰਵਿਦਾਸ ਜੀ ਤੇ ਭੱਟਾਂ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਫਰੀਦ ਸਬਦ ਦੀ ਵਰਤੋਂ ਪਾ: ੩ ਤੇ ੫, ਨੇ, ਬਾਬਾ ਫਰੀਦ ਜੀ ਲਈ ਕੀਤੀ ਹੈ। {ਸਲੋਕ ਮਃ ੫ {੯੬੬}, ਮਹਲਾ ੫ {੧੩੮੨}, ਮਃ ੩ {੧੩੮੩}, ਮਃ ੫ {੧੩੮੩, ੧੩੮੪}}

ਬਾਬਾ ਫਰੀਦ ਜੀ ਨੇ ਫਰੀਦ {ਫਰੀਦਾ, ਫਰੀਦੈ, ਫਰੀਦੁ,} ਸਬਦ ਆਪਣੇ ਲਈ ਕਈ ਵਾਰੀ ਵਰਤਿਆ ਹੈ। {ਆਸਾ ਸੇਖ ਫਰੀਦ ਜੀਉ ਕੀ ਬਾਣੀ {੪੮੮}, ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ {੭੯੪}, ਸਲੋਕ ਸੇਖ ਫਰੀਦ ਕੇ {੧੩੭੭ ਤੋਂ ੧੩੮੪}}

ਉੱਪਰ ਵਰਨਣ ਕੀਤੇ ਸਾਰੇ ਸਬਦ ਇਹੀ ਸੰਕੇਤ ਕਰਦੇ ਹਨ ਕਿ ਗੁਰੂ ਗਰੰਥ ਸਾਹਿਬ ਵਿਚ ਬਾਬਾ ਫਰੀਦ ਜੀ ਦਾ ਜਿਕਰ {ਫਰੀਦਾ, ਫਰੀਦੈ, ਫਰੀਦ} ਸਿਰਫ ਪਾ: ੩ ਤੇ ੫, ਅਤੇ ਬਾਬਾ ਫਰੀਦ ਜੀ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਬਾਬਾ ਫਰੀਦ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਰਵਿਦਾਸ {ਰਵਿਦਾਸ, ਰਵਿਦਾਸੁ} ਸਬਦ ਦੀ ਵਰਤੋਂ ਪਾ: ੪, ੫, ਤੇ ਭੱਟਾਂ ਨੇ ਭਗਤ ਰਵਿਦਾਸ ਜੀ ਲਈ ਕੀਤੀ ਹੈ। {ਮਹਲਾ ੫ {੪੮੭}, ਸੂਹੀ ਮਹਲਾ ੪ ਘਰੁ ੬ {੭੩੩}, ਬਿਲਾਵਲੁ ਮਹਲਾ ੪ {੮੩੫}, ਬਸੰਤੁ ਮਹਲਾ ੫ ਘਰੁ ੧ ਦੁਤੁਕੀਆ {੧੧੯੨}, ਸਾਰਗ ਮਹਲਾ ੫ {੧੨੦੭}, ਸਵਈਏ ਮਹਲੇ ਪਹਿਲੇ ਕੇ ੧ {ਭੱਟਾਂ, ੧੩੯੦}}

ਭਗਤ ਰਵਿਦਾਸ ਜੀ ਨੇ ਰਵਿਦਾਸ {ਰਵਿਦਾਸ, ਰਵਿਦਾਸੁ}, ਸਬਦ ਆਪਣੇ ਆਪ ਲਈ ਕਈ ਵਾਰੀ ਵਰਤਿਆ ਹੈ। {ਸਿਰੀਰਾਗੁ {੯੩}, ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ {੩੪੫}, ਗਉੜੀ ਬੈਰਾਗਣਿ ਰਵਿਦਾਸ ਜੀਉ {੩੪੬}, ਗਉੜੀ ਪੂਰਬੀ ਰਵਿਦਾਸ ਜੀਉ {੩੪੬}, ਰਾਗੁ ਆਸਾ ਬਾਣੀ ਭਗਤਾ ਕੀ ॥ ਕਬੀਰ ਜੀਉ ਨਾਮਦੇਉ ਜੀਉ ਰਵਿਦਾਸ ਜੀਉ {੪੭੫}, ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ {੪੮੬, ੪੮੭}, ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩ {੫੨੫}, ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ {੬੫੭ ਤੋਂ ੬੫੯}, ਧਨਾਸਰੀ ਭਗਤ ਰਵਿਦਾਸ ਜੀ ਕੀ {੬੯੪}, ਜੈਤਸਰੀ ਬਾਣੀ ਭਗਤਾ ਕੀ {੭੧੦}, ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ {੭੯੩, ੭੯੪}, ਬਿਲਾਵਲੁ ਬਾਣੀ ਰਵਿਦਾਸ ਭਗਤ ਕੀ {੮੫੮}, ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨ {੮੭੫}, ਰਾਮਕਲੀ ਬਾਣੀ ਰਵਿਦਾਸ ਜੀ ਕੀ {੯੭੩, ੯੭੪}, ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ {੧੧੦੬}, ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ {੧੧੨੪}, ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨ {੧੧੬੭}, ਬਸੰਤੁ ਬਾਣੀ ਰਵਿਦਾਸ ਜੀ ਕੀ {੧੧੯੬}, ਮਲਾਰ ਬਾਣੀ ਭਗਤ ਰਵਿਦਾਸ ਜੀ ਕੀ {੧੨੯੩}, ਸਲੋਕ {੧੩੭੭}}

ਉੱਪਰ ਵਰਨਣ ਕੀਤੇ ਸਾਰੇ ਸਬਦ ਇਹੀ ਸੰਕੇਤ ਕਰਦੇ ਹਨ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦਾ ਜਿਕਰ {ਰਵਿਦਾਸ, ਰਵਿਦਾਸੁ} ਸਿਰਫ ਪਾ: ੪, ੫, ਤੇ ਭੱਟਾਂ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਤ੍ਰਿਲੋਚਨ, ਤਿਲੋਚਨੁ, ਤਿਲੋਚਨ, ਤਿਲੋਚਨਾ ਸਬਦ ਦੀ ਵਰਤੋਂ ਪਾ: ੪, ੫, ਭਗਤ ਨਾਮਦੇਵ ਜੀ, ਭਗਤ ਰਵਿਦਾਸ ਤੇ ਭੱਟਾਂ ਨੇ ਭਗਤ ਤ੍ਰਿਲੋਚਨ ਜੀ ਲਈ ਕੀਤੀ ਹੈ। {ਗੂਜਰੀ ਮਹਲਾ ੫ ਦੁਪਦੇ ਘਰੁ ੨ {੪੯੮}, ਬਿਲਾਵਲੁ ਮਹਲਾ ੪ {੮੩੫}, ਬਾਣੀ ਨਾਮਦੇਉ ਜੀਉ ਕੀ ਰਾਮਕਲੀ ਘਰੁ ੧ {੯੭੨} {ਤਿਲੋਚਨ}, ਮਾਰੂ ਮਹਲਾ ੪ ਘਰੁ ੨ {੯੯੫}, ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ {੧੧੦੬} {ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ}, ਬਸੰਤੁ ਮਹਲਾ ੫ ਘਰੁ ੧ ਦੁਤੁਕੀਆ {੧੧੯੨}, ਮਹਲਾ ੫ {੧੩੭੫} {ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ}, ਮਹਲਾ ੫ {੧੩੭੬} {ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ}, ਸਵਈਏ ਮਹਲੇ ਪਹਿਲੇ ਕੇ ੧ {ਭੱਟਾਂ, ੧੩੯੦}, ਸਵਈਏ ਮਹਲੇ ਤੀਜੇ ਕੇ ੩ {੧੩੯੩, ੧੩੯੪}, ਸਵਈਏ ਮਹਲੇ ਚਉਥੇ ਕੇ ੪ {੧੪੦੬} {ਕਬੀਰ ਤਿਲੋਚਨ}}

ਭਗਤ ਤ੍ਰਿਲੋਚਨ ਜੀ ਨੇ ਤ੍ਰਿਲੋਚਨ, ਤਿਲੋਚਨੁ ਸਬਦ ਆਪਣੇ ਆਪ ਲਈ ਕਈ ਵਾਰੀ ਵਰਤਿਆ ਹੈ। {ਸਿਰੀਰਾਗੁ ਤ੍ਰਿਲੋਚਨ ਕਾ {੯੨}, ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧ {੫੨੫, ੫੨੬ {ਤਿਲੋਚਨੁ}}, ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ {੬੯੫}}

ਉੱਪਰ ਵਰਨਣ ਕੀਤੇ ਸਾਰੇ ਸਬਦ ਇਹੀ ਸੰਕੇਤ ਕਰਦੇ ਹਨ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਤ੍ਰਿਲੋਚਨ ਜੀ ਦਾ ਜਿਕਰ {ਤ੍ਰਿਲੋਚਨ, ਤਿਲੋਚਨੁ, ਤਿਲੋਚਨ, ਤਿਲੋਚਨਾ, ਤਿਲੋਚਨ} ਸਿਰਫ ਪਾ: ੪, ੫, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਤੇ ਭੱਟਾਂ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਤ੍ਰਿਲੋਚਨ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਧੰਨਾ {ਧੰਨਾ, ਧੰਨੈ} ਸਬਦ ਦੀ ਵਰਤੋਂ ਪਾ: ੪, ਤੇ ੫ ਨੇ ਭਗਤ ਧੰਨਾ ਜੀ ਲਈ ਕੀਤੀ ਹੈ। {ਮਹਲਾ ੫ {੪੮੭/੪੮੮}, ਬਿਲਾਵਲੁ ਮਹਲਾ ੪ {੮੩੫}, ਮਾਰੂ ਮਹਲਾ ੪ {੯੯੫}, ਬਸੰਤੁ ਮਹਲਾ ੫ ਘਰੁ ੧ ਦੁਤੁਕੀਆ {੧੧੯੨, {ਧੰਨੈ}}

ਭਗਤ ਧੰਨਾ ਜੀ ਨੇ ਧੰਨਾ {ਧੰਨਾ, ਧੰਨੈ} ਸਬਦ ਆਪਣੇ ਆਪ ਲਈ ਵਰਤਿਆ ਹੈ। {ਆਸਾ ਬਾਣੀ ਭਗਤ ਧੰਨੇ ਜੀ ਕੀ {੪੮੭ {ਧੰਨੈ}, ੪੮੮ {ਧੰਨਾ}}, ਧੰਨਾ {੬੯੫}}

ਉੱਪਰ ਵਰਨਣ ਕੀਤੇ ਸਾਰੇ ਸਬਦ ਇਹੀ ਸੰਕੇਤ ਕਰਦੇ ਹਨ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਧੰਨਾ ਜੀ ਦਾ ਜਿਕਰ {ਧੰਨਾ, ਧੰਨੈ} ਸਿਰਫ ਪਾ: ੪ ਤੇ ੫ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਧੰਨਾ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਬੇਣੀ ਸਬਦ ਦੀ ਵਰਤੋਂ ਪਾ: ੫, ਨੇ ਭਗਤ ਬੇਣੀ ਜੀ ਲਈ ਕੀਤੀ ਹੈ। {ਬਸੰਤੁ ਮਹਲਾ ੫ ਘਰੁ ੧ ਦੁਤੁਕੀਆ {੧੧੯੨}}

ਭਗਤ ਬੇਣੀ ਜੀ ਨੇ ਬੇਣੀ ਸਬਦ ਆਪਣੇ ਆਪ ਲਈ ਵਰਤਿਆ ਹੈ। {ਸ੍ਰੀਰਾਗ ਬਾਣੀ ਭਗਤ ਬੇਣੀ ਜੀਉ ਕੀ ॥ ਪਹਰਿਆ ਕੈ ਘਰਿ ਗਾਵਣਾ {੯੩}, ਰਾਮਕਲੀ ਬਾਣੀ ਬੇਣੀ ਜੀਉ ਕੀ {੯੭੪}, ਪ੍ਰਭਾਤੀ ਭਗਤ ਬੇਣੀ ਜੀ ਕੀ {੧੩੫੧}}

ਉੱਪਰ ਵਰਨਣ ਕੀਤੇ ਸਾਰੇ ਸਬਦ ਇਹੀ ਸੰਕੇਤ ਕਰਦੇ ਹਨ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਬੇਣੀ ਜੀ ਦਾ ਜਿਕਰ {ਬੇਣੀ} ਸਿਰਫ ਪਾ: ੫ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਬੇਣੀ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਜੈਦੇਵ ਸਬਦ ਦੀ ਵਰਤੋਂ ਪਾ: ੪, ੫, ਭਗਤ ਕਬੀਰ ਜੀ ਤੇ ਭੱਟਾਂ ਨੇ ਹੀ ਆਪਣੀ ਬਾਣੀ ਵਿਚ ਕੀਤੀ ਹੈ। {ਬਸੰਤੁ ਮਹਲਾ ੫ ਘਰੁ ੧ ਦੁਤੁਕੀਆ {੧੧੯੨}, ਬਸੰਤੁ ਬਾਣੀ ਭਗਤਾਂ ਕੀ ॥ ਕਬੀਰ ਜੀ ਘਰੁ ੧ {੧੧੯੪}, ਸਵਈਏ ਮਹਲੇ ਪਹਿਲੇ ਕੇ ੧ {ਭੱਟਾਂ, ੧੩੯੦}, ਰਾਗ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ {੩੩੦, ਜੈਦੇਉ}, ਬਿਲਾਵਲੁ ਮਹਲਾ ੪ {੮੩੫, ਜੈਦੇਉ}, ਬਿਲਾਵਲੁ {ਕਬੀਰ} {੮੫੬, ਜੈਦੇਉ}, ਮਾਰੂ ਮਹਲਾ ੪ ਘਰੁ ੨ {੯੯੫, ਜੈਦੇਉ}}

ਭਗਤ ਜੈਦੇਵ ਜੀ ਨੇ ਜੈਦੇਵ ਸਬਦ ਆਪਣੇ ਆਪ ਲਈ ਵਰਤਿਆ ਹੈ। {ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ੪ {੫੨੬}, ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ {੧੧੦੬}}

ਉੱਪਰ ਵਰਨਣ ਕੀਤੇ ਸਾਰੇ ਸਬਦ ਇਹੀ ਸੰਕੇਤ ਕਰਦੇ ਹਨ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਜੈਦੇਵ ਜੀ ਦਾ ਜਿਕਰ {ਜੈਦੇਵ} ਸਿਰਫ ਪਾ: ੪, ੫, ਭਗਤ ਕਬੀਰ ਜੀ ਤੇ ਭੱਟਾਂ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ

ਜੈਦੇਵ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ {੬੫੯, ਭੀਖਨੁ}

ਉੱਪਰ ਵਰਨਣ ਕੀਤਾ ਸਬਦ ਇਹੀ ਸੰਕੇਤ ਕਰਦਾ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਭੀਖਨ ਜੀ ਦਾ ਜਿਕਰ ਸਿਰਫ ਭਗਤ ਭੀਖਨ ਜੀ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਭੀਖਨ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਸੈਣੁ {ਸੈਣੁ, ਸੈਨੁ} ਸਬਦ ਦੀ ਵਰਤੋਂ ਪਾ: ੪ ਤੇ ੫, ਭਗਤ ਰਵਿਦਾਸ ਜੀ ਨੇ, ਭਗਤ ਸੈਣੁ ਜੀ ਲਈ ਕੀਤੀ ਹੈ। {ਮਹਲਾ ੫ {੪੮੭/੪੮੮}, ਬਿਲਾਵਲੁ ਮਹਲਾ ੪ {੮੩੫, ਸੈਣੁ}}, ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ {੧੧੦੬} {ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ}

ਭਗਤ ਸੈਣੁ ਜੀ ਨੇ ਸੈਣੁ {ਸੈਣੁ, ਸੈਨੁ} ਸਬਦ ਆਪਣੇ ਆਪ ਲਈ ਵਰਤਿਆ ਹੈ। {ਸ੍ਰੀ ਸੈਣੁ {੬੯੫, ਸੈਨੁ}}

ਉੱਪਰ ਵਰਨਣ ਕੀਤੇ ਸਾਰੇ ਸਬਦ ਇਹੀ ਸੰਕੇਤ ਕਰਦੇ ਹਨ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਸੈਣੁ ਜੀ ਦਾ ਜਿਕਰ {ਸੈਣੁ, ਸੈਨੁ} ਸਿਰਫ ਪਾ: ੪ ਤੇ ੫ ਨੇ ਅਤੇ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਸੈਣੁ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਭਗਤ ਪੀਪਾ ਜੀ ਨੇ ਪੀਪਾ ਸਬਦ ਆਪਣੇ ਆਪ ਲਈ ਵਰਤਿਆ ਹੈ। {ਪੀਪਾ ॥ {੬੯੫}}

ਉੱਪਰ ਵਰਨਣ ਕੀਤਾ ਸਬਦ ਇਹੀ ਸੰਕੇਤ ਕਰਦਾ ਹਨ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਪੀਪਾ ਜੀ ਦਾ ਜਿਕਰ ਸਿਰਫ ਭਗਤ ਪੀਪਾ ਜੀ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਪੀਪਾ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਭਗਤ ਰਾਮਾਨੰਦ ਜੀ ਨੇ ਰਾਮਾਨੰਦ ਸਬਦ ਆਪਣੇ ਆਪ ਲਈ ਵਰਤਿਆ ਹੈ। {ਰਾਮਾਨੰਦ ਜੀ ਘਰੁ ੧ {੧੧੯੫}}

ਉੱਪਰ ਵਰਨਣ ਕੀਤਾ ਸਬਦ ਇਹੀ ਸੰਕੇਤ ਕਰਦਾ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਰਾਮਾਨੰਦ ਜੀ ਦਾ ਜਿਕਰ ਸਿਰਫ ਭਗਤ ਰਾਮਾਨੰਦ ਜੀ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਰਾਮਾਨੰਦ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਭਗਤ ਪਰਮਾਨੰਦ ਜੀ ਨੇ ਪਰਮਾਨੰਦ ਸਬਦ ਆਪਣੇ ਆਪ ਲਈ ਵਰਤਿਆ ਹੈ। {ਸਾਰੰਗ ॥ ੧ੴ ਸਤਿਗੁਰ ਪ੍ਰਸਾਦਿ ॥ {੧੨੫੩}}

ਉੱਪਰ ਵਰਨਣ ਕੀਤਾ ਸਬਦ ਇਹੀ ਸੰਕੇਤ ਕਰਦਾ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਪਰਮਾਨੰਦ ਜੀ ਦਾ ਜਿਕਰ ਸਿਰਫ ਭਗਤ ਪਰਮਾਨੰਦ ਜੀ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਪਰਮਾਨੰਦ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਭਗਤ ਸੂਰਦਾਸ ਜੀ ਨੇ ਸੂਰਦਾਸ ਸਬਦ ਆਪਣੇ ਆਪ ਲਈ ਨਹੀਂ ਵਰਤਿਆ ਹੈ। **{ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ {੧੨੫੩}}**

ਸੂਰਦਾਸ ਸਬਦ ਦੀ ਵਰਤੋਂ ਪਾ: ੫ ਨੇ, ਭਗਤ ਸੂਰਦਾਸ ਜੀ ਲਈ ਕੀਤੀ ਹੈ। {ਸਾਰੰਗ ਮਹਲਾ ੫ ਸੂਰਦਾਸ {੧੨੫੩}}

ਉੱਪਰ ਵਰਨਣ ਕੀਤਾ ਸਬਦ ਇਹੀ ਸੰਕੇਤ ਕਰਦਾ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਸੂਰਦਾਸ ਜੀ ਦਾ ਜਿਕਰ ਸਿਰਫ ਪਾ: ੫ ਨੇ ਹੀ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਸੂਰਦਾਸ {ਪਾ: ੫} ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਸਧਨਾ ਸਬਦ ਦੀ ਵਰਤੋਂ ਭਗਤ ਰਵਿਦਾਸ ਨੇ ਭਗਤ ਸਧਨਾ ਜੀ ਲਈ ਕੀਤੀ ਹੈ। {ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ {੧੧੦੬}}

ਭਗਤ ਸਧਨਾ ਜੀ ਨੇ ਸਧਨਾ ਸਬਦ ਆਪਣੇ ਆਪ ਲਈ ਵਰਤਿਆ ਹੈ। {ਬਾਣੀ ਸਧਨੇ ਕੀ ਰਾਗੁ ਬਿਲਾਵਲੁ {੮੫੮, ਸਧਨਾ}}

ਉੱਪਰ ਵਰਨਣ ਕੀਤਾ ਸਬਦ ਇਹੀ ਸੰਕੇਤ ਕਰਦਾ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਭਗਤ ਸਧਨਾ ਜੀ ਦਾ ਜਿਕਰ ਸਿਰਫ ਭਗਤ ਰਵਿਦਾਸ ਨੇ ਆਪਣੀ ਬਾਣੀ ਵਿਚ ਕੀਤਾ ਹੈ। ਭਗਤ ਸਧਨਾ ਜੀ ਨੇ ਆਪਣੀ ਬਾਣੀ ਵਿਚ ਸਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਦੀ ਵਰਤੋਂ ਕੀਤੀ ਜੋ ਕਿ ਸਾਰੇ ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਵਰਤੀ ਹੈ।

ਵਿਸ਼ਾ-ਸੂਚੀ {Table} ਵਿਚ ਭਗਤਾਂ ਦਾ ਨਾਮ, ਪ੍ਰਚਲਿਤ ਇਤਿਹਾਸ ਅਨੁਸਾਰ ਉਨ੍ਹਾਂ ਦਾ ਕਾਲ ਸਮਾਂ, ਤੇ ਕਿਸ ਕਿਸ ਨੇ ਉਨ੍ਹਾਂ ਬਾਰੇ ਗੁਰੂ ਗਰੰਥ ਸਾਹਿਬ ਵਿਚ ਆਪਣੀ ਅੰਕਿਤ ਬਾਣੀ ਵਿਚ ਜਿਕਰ ਕੀਤਾ ਹੈ, ਬਾਰੇ ਸੰਖੇਪ ਨਾਲ ਦਿੱਤਾ ਗਿਆ ਹੈ।

| ਭਗਤ ਜੀ ਦਾ ਨਾਮ | ਪ੍ਰਚਲਿਤ ਇਤਿਹਾਸ ਅਨੁਸਾਰ ਉਨ੍ਹਾਂ ਦਾ ਕਾਲ ਸਮਾਂ {ਜਨਮ ਤੋਂ ਜੋਤੀ ਜੋਤ} | ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਤੇ ਹੋਰ ਭਗਤ ਜਿਨ੍ਹਾਂ ਨੇ ਆਪਣੀ ਬਾਣੀ ਵਿਚ ਜਿਕਰ ਕੀਤਾ ਹੈ। |
|---|---|---|
| ਭਗਤ ਜੈਦੇਵ ਜੀ | ੧੧੭੦ ਦੇ ਲਾਗੇ | ਪਾ: ੪, ੫, ਭਗਤ ਕਬੀਰ ਜੀ ਤੇ ਭੱਟਾਂ, ਆਪਣੇ ਆਪ |
| ਬਾਬਾ ਫਰੀਦ ਜੀ | ੧੧੭੩ ਤੋਂ ੧੨੬੫ | ਪਾ: ੩ ਤੇ ੫, ਆਪਣੇ ਆਪ |
| ਭਗਤ ਸਧਨਾ ਜੀ | ੧੧੮੦ ਤੋਂ | ਭਗਤ ਰਵਿਦਾਸ ਜੀ, ਆਪਣੇ ਆਪ |
| ਭਗਤ ਤ੍ਰਿਲੋਚਨ ਜੀ | ੧੨੬੭ ਤੋਂ | ਪਾ: ੪, ੫, ਭਗਤ ਨਾਮ ਦੇਵ ਜੀ, ਭਗਤ ਰਵਿਦਾਸ ਜੀ, ਤੇ ਭੱਟਾਂ, ਆਪਣੇ ਆਪ |
| ਭਗਤ ਨਾਮ ਦੇਵ ਜੀ | ੧੨੭੦ ਤੋਂ ੧੩੫੦ | ਪਾ: ੩, ੪, ੫, ਭਗਤ ਤ੍ਰਿਲੋਚਨ ਜੀ, ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਤੇ ਭੱਟਾਂ, ਆਪਣੇ ਆਪ |
| ਭਗਤ ਸੈਣੁ ਜੀ | ਲਗਭਗ ੧੩੪੪ ਤੋਂ | ਪਾ: ੪ ਤੇ ੫, ਭਗਤ ਰਵਿਦਾਸ ਜੀ {੧੩੯੯}, ਆਪਣੇ ਆਪ |
| ਭਗਤ ਰਾਮਾਨੰਦ ਜੀ | ੧੩੬੬ ਤੋਂ | ਆਪਣੇ ਆਪ |
| ਭਗਤ ਰਵਿਦਾਸ ਜੀ | ੧੩੯੯ ਤੋਂ | ਪਾ: ੪, ੫, ਤੇ ਭੱਟਾਂ, ਆਪਣੇ ਆਪ |
| ਭਗਤ ਧੰਨਾਂ ਜੀ | ੧੪੧੫ ਤੋਂ | ਪਾ: ੪ ਤੇ ੫, ਆਪਣੇ ਆਪ |
| ਭਗਤ ਪੀਪਾ ਜੀ | ੧੪੨੫ ਤੋਂ | ਆਪਣੇ ਆਪ |
| ਭਗਤ ਕਬੀਰ ਜੀ | ੧੪੪੧ ਤੋਂ ੧੫੧੮ | ਪਾ: ੩, ੪, ੫, ਭਗਤ ਰਵਿਦਾਸ ਜੀ {੧੩੯੯} ਤੇ ਭੱਟਾਂ, ਆਪਣੇ ਆਪ |
| ਭਗਤ ਭੀਖਨ ਜੀ | ੧੪੮੦ ਤੋਂ ੧੫੭੩ | ਆਪਣੇ ਆਪ |

| | | |
|---|---|---|
| ਭਗਤ ਪਰਮਾਨੰਦ ਜੀ | ੧੪੮੩ ਤੋਂ | ਆਪਣੇ ਆਪ |
| ਭਗਤ ਸੂਰਦਾਸ ਜੀ | ੧੪੮੩ ਤੋਂ ੧੫੭੩ | ਪਾ: ੫ |
| ਭਗਤ ਬੇਣੀ ਜੀ | ਪਤਾ ਨਹੀਂ | ਪਾ: ੫, ਆਪਣੇ ਆਪ |




**Plot of data for Bhagat's referred in Guru Granth Sahib**

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ, ਕੁਝ ਕੁ ਇਤਿਹਾਸਕ ਖਾਮੀਆਂ ਬੜੇ ਖੁਲੇ ਤੌਰ ਸਪੱਸ਼ਟ ਕਰ ਦੇਂਦੀ ਹੈ। ਭਗਤ ਕਬੀਰ ਜੀ {੧੪੪੧ ਤੋਂ ੧੫੧੮} ਦਾ ਜਿਕਰ ਉਨ੍ਹਾਂ ਤੋਂ ਕਈ ਸਾਲ ਪਹਿਲਾਂ ਪੈਦਾ ਹੋਣ ਵਾਲੇ ਭਗਤ ਰਵਿਦਾਸ ਜੀ, {੧੩੬੬ ਤੋਂ} ਕਿਸ ਤਰ੍ਹਾਂ ਕਰ ਸਕਦੇ ਸਨ। ਇਸ ਲਈ ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਤੋਂ ਬਾਅਦ ਹੋਏ ਹੋ ਸਕਦੇ ਹਨ, ਪਹਿਲਾਂ ਨਹੀਂ।

ਇਤਿਹਾਸ ਵਿਚ ਜੋ ਕਿਹਾ ਜਾਂਦਾ ਹੈ, ਉਹ ਠੀਕ ਨਹੀਂ ਲਗਦਾ ਹੈ। ਭਾਈ ਗੁਰਦਾਸ ਜੀ ਦੀ ਹੇਠ ਲਿਖੀ ਵਾਰ ਮੁਤਾਬਕ, ਜੇ ਕਰ ਭਗਤ ਰਾਮਾਨੰਦ ਜੀ {੧੩੬੬ ਤੋਂ} ਨੂੰ ਮਿਲਣ ਸਮੇਂ ਭਗਤ ਕਬੀਰ ਜੀ {੧੪੪੧ ਤੋਂ ੧੫੧੮} ਦੀ ਉਮਰ ੨੦ ਸਾਲ ਦੀ ਵੀ ਸੀ ਤਾਂ ਭਗਤ ਰਾਮਾਨੰਦ ਜੀ ਦੀ ਉਮਰ ੯੫ ਸਾਲ ਹੋਣੀ ਚਾਹੀਦੀ ਹੈ। ਕੀ ਇਸ ਲੰਮੀ ਉਮਰ ਲਈ ਕੋਈ ਹੋਰ ਪ੍ਰਮਾਣ ਹੈ? ਜੇ ਨਹੀਂ ਤਾਂ ਇਸ ਇਤਿਹਾਸ ਵਿਚ ਕੋਈ ਖਾਮੀਆਂ ਹਨ।

**ਹੋਇ ਬਿਰਕਤ ਬਨਾਰਸੀ ਰਹਿੰਦਾ ਰਾਮਾਨੰਦ ਗੁਸਾਈ॥ ਅੰਮ੍ਰਿਤ ਵੇਲੇ ਉਠਕੇ ਜਾਂਦਾ ਗੰਗਾ ਨ੍ਹਾਵਣ ਤਾਈ॥ ਅਗੋਂ ਹੀ ਦੇ ਜਾਇਕੇ ਲੰਮਾ ਪਿਆ ਕਬੀਰ ਤਿਥਾਈ॥ ਪੈਰੀਂ ਟੁੰਬ ਉਠਾਲਿਆ ਬੋਲਹੁ ਰਾਮ ਸਿਖ ਸਮਝਾਈ॥ ਜਿਉਂ**

**ਲੋਹਾ ਪਾਰਸ ਛੁਹੇ ਚੰਦਨ ਵਾਸ ਨਿੰਮ ਮਹਿਕਾਈ॥ ਪਸੂ ਪਰੇਤਹੁੰ ਦੇਵ ਕਰ ਪੂਰੇ ਸਤਿਗੁਰ ਦੀ ਵਡਿਆਈ॥ ਅਚਰਜ ਨੋ ਅਚਰਜ ਮਿਲੈ ਵਿਸਮਾਦੇ ਵਿਸਮਾਦ ਮਿਲਾਈ॥ ਝਰਣਾ ਝਰਦਾ ਨਿਝਰਹੁੰ ਗੁਰਮੁਖ ਬਾਣੀ ਅਘੜ ਘੜਾਈ॥ ਰਾਮ ਕਬੀਰੈ ਭੇਦ ਨ ਭਾਈ ॥੧੫॥ {੧੦-੧੫-੯}**

ਭਾਈ ਗੁਰਦਾਸ ਜੀ ਦੀ ਹੇਠ ਲਿਖੀ ਵਾਰ ਅਨੁਸਾਰ ਭਗਤ ਸੈਣ ਜੀ {੧੩੪੪ ਤੋਂ}, ਭਗਤ ਕਬੀਰ ਜੀ {੧੪੪੧ ਤੋਂ ੧੫੧੮} ਤੋ ਬਾਅਦ ਹੀ ਹੋ ਸਕਦੇ ਹਨ, ਪਹਿਲਾਂ ਨਹੀਂ।

**ਸੁਣ ਪਰਤਾਪ ਕਬੀਰ ਦਾ ਦੂਜਾ ਸਿਖ ਹੋਆ ਸੈਣ ਨਾਈ॥ ਪ੍ਰੇਮ ਭਗਤਿ ਰਾਤੀਂ ਕਰੈ ਭਲਕੇ ਰਾਜ ਦੁਆਰੇ ਜਾਈ॥ ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣ ਸਬਾਈ॥ ਛਡ ਨ ਸਕੈ ਸੰਤ ਜਨ ਰਾਜ ਦੁਆਰ ਨ ਸੇਵ ਕਮਾਈ॥ ਸੈਣ ਰੂਪ ਹਰਿ ਹੋਇਕੈ ਆਇਆ ਰਾਣੇ ਨੋਂ ਰੀਝਾਈ॥ ਸਾਧ ਜਨਾਂ ਨੋਂ ਵਿਦਾ ਕਰ ਰਾਜਦੁਆਰ ਗਇਆ ਸ਼ਰਮਾਈ॥ ਰਾਣੇ ਦੂਰਹੁੰ ਸਦਕੈ ਗਲਹੁੰ ਕਵਾਇ ਖੋਲ੍ਹ ਪੈਨ੍ਹਾਈ॥ ਵਸ ਕੀਤਾ ਹਉਂ ਤੁਧ ਅਜ ਬੋਲੈ ਰਾਜਾ ਸੁਣੈ ਲੁਕਾਈ॥ ਪਰਗਟ ਕਰੈ ਭਗਤ ਵਡਿਆਈ ॥੧੬॥ {੧੦-੧੬-੯}**

ਭਾਈ ਗੁਰਦਾਸ ਜੀ ਦੀ ਹੇਠ ਲਿਖੀ ਵਾਰ ਅਨੁਸਾਰ ਭਗਤ ਤ੍ਰਿਲੋਚਨ ਜੀ ਤੇ ਭਗਤ ਨਾਮਦੇਉ ਜੀ ਸਮਕਾਲੀ ਸਨ।

**ਦਰਸ਼ਣ ਵੇਖਣ ਨਾਮਦੇਵ ਭਲਕੇ ਉੱਠ ਤ੍ਰਿਲੋਚਨ ਆਵੈ॥ ਭਗਤਿ ਕਰਨ ਮਿਲ ਦੁਇ ਜਣੇ ਨਾਮਦੇਉ ਹਰਿ ਚਲਤ ਸੁਣਾਵੈ॥ ਮੇਰੀ ਭੀ ਕਰ ਬੇਨਤੀ ਦਰਸ਼ਨ ਦੇਖਾਂ ਜੇ ਤਿਸ ਭਾਵੈ॥ ਠਾਕੁਰ ਜੀ ਨੋਂ ਪੁਛਿਓਸ ਦਰਸ਼ਨ ਕਿਵੈਂ ਤ੍ਰਿਲੋਚਨ ਪਾਵੈ॥ ਹਸਕੈ ਠਾਕੁਰ ਬੋਲਿਆ ਨਾਮਦੇਉ ਨੋਂ ਕਹਿ ਸਮਝਾਵੈ॥ ਹਥ ਨ ਆਵੈ ਭੇਟ ਸੋ ਤੁਸ ਤ੍ਰਿਲੋਚਨ ਮੈਂ ਮੁਹਿ ਲਾਵੈ॥ ਹਉਂ ਅਧੀਨ ਹਾਂ ਭਗਤ ਦੇ ਪਹੁੰਚ ਨ ਹੰਘਾਂ ਭਗਤੀ ਦਾਵੈ॥ ਹੋਇ ਵਿਚੋਲਾ ਆਣ ਮਿਲਾਵੈ ॥੧੨॥ (੧੦-੧੨-੮)**

ਗੁਰੂ ਗਰੰਥ ਸਾਹਿਬ ਵਿਚ ਬਹੁਤ ਸਾਰੇ ਭਗਤਾਂ ਦਾ ਜਿਕਰ ਪਾ: ੩, ੪, ੫ ਨੇ ਕੀਤਾ ਹੈ, ਅਤੇ ਆਪਣੀ ਬਾਣੀ ਵਿਚ ਉਨ੍ਹਾਂ ਦੀ ਪ੍ਰਸੰਸਾ ਵੀ ਕੀਤੀ ਹੈ। ਆਮ ਤੌਰ ਤੇ ਇਤਿਹਾਸਕ ਗੱਲਾਂ ਕਰਨ ਵੇਲੇ, ਇਹੀ ਕਿਹਾ ਜਾਂਦਾ ਹੈ, ਕਿ ਗੁਰੂ ਨਾਨਕ ਸਾਹਿਬ ਨੇ ਬਹੁਤ ਸਾਰੇ ਭਗਤਾਂ ਦੀ ਬਾਣੀ ਇਕੱਠੀ ਕੀਤੀ ਸੀ। ਪਰੰਤੂ, ਹੈਰਾਨਗੀ ਦੀ ਗਲ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਇਨ੍ਹਾਂ ੧੫ ਭਗਤਾਂ ਵਿਚੋਂ ਕਿਸੇ ਇਕ ਦਾ ਵੀ ਜਿਕਰ ਨਹੀਂ ਕੀਤਾ ਹੈ। ਇਥੋਂ ਤੱਕ ਕਿ ਗੁਰੂ ਅੰਗਦ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਕਿਸੇ ਇਕ ਭਗਤ ਦਾ ਵੀ ਜਿਕਰ ਨਹੀਂ ਕੀਤਾ ਹੈ। ਜੇ ਕਰ ਗੁਰੂ ਨਾਨਕ ਸਾਹਿਬ ਦੇ ਮਨ ਦੇ ਅੰਦਰ ਭਗਤਾਂ ਦੀ ਬਾਣੀ ਲਈ ਸਤਿਕਾਰ ਸੀ, ਤਾਂ ਉਹ, ਉਨ੍ਹਾਂ ਦਾ ਆਪਣੀ ਬਾਣੀ ਵਿਚ ਜਰੂਰ ਜਿਕਰ ਕਰਦੇ। ਗੁਰੂ ਗਰੰਥ ਸਾਹਿਬ ਵਿਚ ਅਕਿਰਤਘਣਾਂ ਨੂੰ ਬੁਰੀ ਤਰ੍ਹਾਂ ਫਿਟਕਾਰਿਆ ਗਿਆ ਹੈ। ਇਸ ਲਈ ਗੁਰੂ ਨਾਨਕ ਸਾਹਿਬ ਦਾ ਅਕਿਰਤਘਣ ਬਣਨਾਂ ਅਸੰਭਵ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਕਈਆਂ ਦਾ ਜਿਕਰ ਕੀਤਾ ਹੈ, ਉਦਾਹਰਣ ਦੇ ਤੌਰ ਤੇ ਬ੍ਰਹਮੈ, ਬਲਿ ਰਾਜਾ, ਹਰੀਚੰਦੁ, ਹਰਣਾਖਸੁ, ਪ੍ਰਹਲਾਦ, ਰਾਵਣੁ, ਸਹਸਬਾਹੁ, ਮਧੁ, ਕੈਟਭ, ਮਹਿਖਾਸਾ, ਜਰਾਸੰਧਿ, ਕਾਲਜਮੁਨ, ਰਕਤਬੀਜੁ, ਕਾਲੁਨੇਮੁ, ਦੁਰਜੋਧਨੁ, ਜਨਮੇਜੈ, ਕੰਸੁ, ਚਾਂਡੂਰੁ, ਆਦਿ

**ਗਉੜੀ ਮਹਲਾ ੧ ॥ ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥ ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ ਰਹਾਉ ॥ ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥ ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥ ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥ ਆਪਿ ਭੁਲਾਇ ਆਪੇ ਮਤਿ ਦੇਵੈ ॥੩॥ ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥ ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥ ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥ ਸਹਸਬਾਹੁ ਮਧੁ ਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥ ਦੈਤ ਸੰਘਾਰੇ ਬਿਨੁ**

**ਭਗਤਿ ਅਭਿਆਸਾ ॥੬॥ ਜਰਾਸੰਧਿ ਕਾਲਜਮੁਨ ਸੰਘਾਰੇ ॥ ਰਕਤਬੀਜੁ ਕਾਲੁਨੇਮੁ ਬਿਦਾਰੇ ॥ ਦੈਤ ਸੰਘਾਰਿ ਸੰਤ ਨਿਸਤਾਰੇ ॥੭॥ ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥ ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥ ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥ ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ ॥੧੧॥ ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥ {੨੨੪, ੨੨੫}**

ਗੁਰੂ ਨਾਨਕ ਸਾਹਿਬ ਨੇ ਹੇਠ ਲਿਖੇ ਸਲੋਕ ਵਿਚ ਉਨ੍ਹਾਂ ਪੁਰਾਣਿਕ ਸਾਖੀਆਂ ਦੇ ਹਵਾਲੇ ਦਿੱਤੇ ਹਨ, ਜੋ ਕਿ ਹਿੰਦੂ ਕੌਮ ਵਿਚ ਆਮ ਪ੍ਰਚਲਤ ਹਨ। ਇਸ ਸਲੋਕ ਵਿਚ ਗੁਰੂ ਸਾਹਿਬ ਨੇ ਕਈਆਂ ਦਾ ਜਿਕਰ ਕੀਤਾ ਹੈ, ਉਦਾਹਰਣ ਦੇ ਤੌਰ ਤੇ ਇੰਦ੍ਰ, ਪਰਸ ਰਾਮੁ, ਅਜੈ, ਰਾਵਣ, ਰਾਮੁ, ਸੀਤਾ, ਲਖਮਣੁ, ਰਾਵਣ, ਪਾਂਡਹ, ਕ੍ਰਿਸ਼ਨ, ਜਨਮੇਜਾ, ਸੇਖ ਮਸਾਇਕ ਪੀਰ {ਭਰਥਰੀ ਗੋਪੀਚੰਦ}, ਆਦਿ,

**ਸਲੋਕੁ ਮਃ ੧ ॥ ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨ ਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥ {੯੫੩, ੯੫੪}**

ਗੁਰੂ ਨਾਨਕ ਸਾਹਿਬ ਨੇ ਹੇਠ ਲਿਖੇ ਸਬਦ ਵਿਚ ਹੋਰ ਕਈਆਂ ਦਾ ਜਿਕਰ ਵੀ ਕੀਤਾ ਹੈ, ਉਦਾਹਰਣ ਦੇ ਤੌਰ ਤੇ ਗੋਤਮੁ, ਅਹਿਲਿਆ, ਇੰਦ੍ਰ, ਹਰੀ ਚੰਦਿ, ਬਲਿ ਰਾਜਾ, ਜਨਮੇਜਾ, ਬਿਆਸਿ, ਆਦਿ

**ਪ੍ਰਭਾਤੀ ਮਹਲਾ ੧ ਦਖਣੀ ॥ ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥ ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥੧॥ ਕੋਈ ਜਾਣਿ ਨ ਭੂਲੈ ਭਾਈ ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥੧॥ ਰਹਾਉ ॥ ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ ॥ ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ ॥੨॥ ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥ ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ ॥੩॥ ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥ ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥੪॥ {੧੩੪੪}**

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਕਈ ਇਤਿਹਾਸਕ ਘਟਨਾਵਾਂ ਦਾ ਵੀ ਜਿਕਰ ਕੀਤਾ ਹੈ। ਬਾਬਰ ਦੇ ਹਮਲੇ ਤੋਂ ਪਹਿਲਾਂ ਇਸ ਦੇਸ਼ ਦੀ ਬੁਰੀ ਹਾਲਤ ਤੇ ਉਸ ਦੇ ਦੁਰਾਨ ਹੋਈ ਤਬਾਹੀ ਦਾ ਜਿਕਰ ਵੀ ਕੀਤਾ ਹੈ।

**ਸਲੋਕੁ ਮਃ ੧ ॥ ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ {੧੪੫}**

**ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩ ॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥ ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ**

**ਸੁਖ ॥ ਇਕਨ੍ਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੨॥੧੧॥ {੪੧੭}**

**ਆਸਾ ਮਹਲਾ ੧ ॥ ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥ {੪੧੭, ੪੧੮}**

**ਤਿਲੰਗ ਮਹਲਾ ੧ ॥ ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥ {੭੨੨, ੭੨੩}**

ਗੁਰੂ ਨਾਨਕ ਸਾਹਿਬ ਕਿਸੇ ਵੀ ਗੁਰਮੁਖ ਨੂੰ ਬਿਆਨ ਕੀਤੇ ਬਿਨਾ ਨਹੀਂ ਛੱਡ ਸਕਦੇ ਸਨ। ਜੇਕਰ ਉਨ੍ਹਾਂ ਦੇ ਮਨ ਦੇ ਅੰਦਰ ਭਗਤਾਂ ਦੀ ਬਾਣੀ ਲਈ ਸਤਿਕਾਰ ਸੀ, ਤਾਂ ਉਹ ਉਨ੍ਹਾਂ ਭਗਤਾਂ ਦਾ ਆਪਣੀ ਬਾਣੀ ਵਿਚ ਕਿਤੇ ਨਾ ਕਿਤੇ ਜਰੂਰ ਜਿਕਰ ਕਰਦੇ। ਪਰੰਤੂ, ਇਸ ਸੰਬੰਧੀ ਗੁਰੂ ਗਰੰਥ ਸਾਹਿਬ ਵਿਚ ਕੋਈ ਪ੍ਰਮਾਣ ਨਹੀਂ ਮਿਲਦਾ ਹੈ। ਗੁਰੂ ਨਾਨਕ ਸਾਹਿਬ ਦੀ ਸਿਖਿਆ ਲੈ ਕੇ, ਜਿਨ੍ਹਾਂ ਦੇ ਜੀਵਨ ਵਿਚ ਪਲਟਾ ਆ ਗਿਆ, ਉਨ੍ਹਾਂ ਦਾ ਵੀ ਗੁਰੂ ਨਾਨਕ ਸਾਹਿਬ ਨੇ ਜਿਕਰ ਕੀਤਾ ਹੈ, ਜਿਵੇਂ ਕਿ ਸਜਣ ਦਾ ਇਕ ਠੱਗ ਤੋਂ ਸਿੱਖੀ ਦਾ ਪ੍ਰਚਾਰਕ ਬਣਨਾ।

**ਸੂਹੀ ਮਹਲਾ ੧ ਘਰੁ ੬ ॥ ੴ ਸਤਿਗੁਰ ਪ੍ਰਸਾਦਿ ॥ ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥ ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥ ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥ ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥੨॥ {੭੨੯}**

ਗੁਰੂ ਨਾਨਕ ਸਾਹਿਬ ਨੇ ਹਰੇਕ ਨੂੰ ਜੀਵਨ ਦਾ ਅਸਲੀ ਮਾਰਗ ਸਮਝਾਇਆ। ਫੋਕੀਆਂ ਰਵਾਇਤਾਂ ਕਰਕੇ ਮਨੁੱਖੀ ਸਮਾਜ ਨੂੰ ਢਾਅ ਲੱਗ ਰਹੀ ਸੀ। ਗੁਰੂ ਸਾਹਿਬ ਨੇ ਅਸਲੀ ਜੋਗੀ, ਪੰਡਤ, ਬ੍ਰਹਾਮਣ, ਖੜ੍ਹੀ, ਮੁਸਲਮਾਨ, ਪਾਂਡੇ, ਆਦਿ ਦੀ ਪ੍ਰੀਭਾਸ਼ਾ ਵੀ ਮਨੁੱਖਤਾ ਦੇ ਭਲੇ ਲਈ ਗੁਰਬਾਣੀ ਵਿਚ ਅੰਕਿਤ ਕਰ ਦਿਤੀ ਹੈ।

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥ {੬}**

**ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥ ਰਾਮ ਨਾਮ ਸਾਰੁ ਰਸੁ ਪੀਵੈ ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥ ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥ ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ ਸੂਖਮ ਮਹਿ ਜਾਨੈ ਅਸਥੂਲੁ ॥ ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥ {੨੭੪}**

**ਸਲੋਕ ਵਾਰਾਂ ਤੇ ਵਧੀਕ ॥ ਮਹਲਾ ੧ ॥ ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥ ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥ ਸੋਈ ਬ੍ਰਹਮਣੁ ਪੂਜਣ ਜੁਗਤੁ ॥ ੧੬ ॥ {੧੪੧੧}**

**ਸਲੋਕ ਵਾਰਾਂ ਤੇ ਵਧੀਕ ॥ ਮਹਲਾ ੧ ॥ ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥ ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥ ਲਬੁ ਲੋਭੁ ਜੇ ਕੂੜੁ ਕਮਾਵੈ ॥ ਅਪਣਾ ਕੀਤਾ ਆਪੇ ਪਾਵੈ ॥ ੧੭ ॥ {੧੪੧੧}**

**ਸਲੋਕੁ ਮ: ੧ ॥ ਮਿਹਰ ਮਸੀਤਿ, ਸਿਦਕੁ ਮੁਸਲਾ, ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ, ਸੀਲੁ ਰੋਜਾ ਹੋਹੁ ਮੁਸਲਮਾਣੁ ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥ {੧੪੦-੧੪੧}**

**ਆਸਾ ਮਹਲਾ ੧ ॥ ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥ ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥ ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥ ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥ ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥ {੩੫੫}**

ਸਿਧ ਗੋਸਟਿ {੯੩੮} ਵਿਚ ਸਿਧਾਂ ਨੂੰ ਸਮਾਜ ਤੇ ਮਨੁੱਖਤਾ ਪ੍ਰਤੀ ਉਨ੍ਹਾਂ ਦਾ ਫਰਜ ਸਮਝਾਇਆ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਜੀਵਨ ਦੇ ਹਰੇਕ ਪਹਿਲੂ ਦਾ ਜਿਕਰ ਕੀਤਾ ਹੈ ਤੇ ਜੀਵਨ ਦਾ ਸਹੀ ਮਾਰਗ ਸਮਝਾਇਆ ਹੈ। ਲੋਕਾਂ ਨੂੰ ਕਰਮ ਕਾਂਡਾਂ ਵਿਚੋਂ ਬਾਹਰ ਕੱਢਣ ਲਈ, ਉਨ੍ਹਾਂ ਦੀ ਭਾਸ਼ਾ ਵਿਚ ਬਾਣੀ ਰਚੀ, ਤੇ ਨਾਲ ਨਾਲ ਸਭ ਨੂੰ ਸਮਝਾਇਆ ਕਿ ਅਸਲੀ ਰਿਵਾਇਤਾਂ ਕਿਸ ਤਰ੍ਹਾਂ ਕਰਨੀਆਂ ਹਨ, ਤਾਂ ਜੋ ਉਸ ਅਕਾਲ ਪੁਰਖੁ ਨਾਲ ਸਬੰਧ ਜੋੜਿਆ ਜਾ ਸਕੇ। ਜਿਸ ਤਰ੍ਹਾਂ ਕਿ ਬਾਰਹ ਮਾਹਾ {ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ {੧੧੦੭}}, ਥਿਤੀ {ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ {੮੩੮}}, ਓਅੰਕਾਰੁ {ਰਾਮਕਲੀ ਮਹਲਾ ੧ ਦਖਣੀ ਓਅੰਕਾਰੁ {੯੨੯}}, ਕੁਚਜੀ {ਰਾਗੁ ਸੂਹੀ ਮਹਲਾ ੧ ਕੁਚਜੀ {੭੬੨}}, ਸੁਚਜੀ {ਸੂਹੀ ਮਹਲਾ ੧ ਸੁਚਜੀ {੭੬੨}}, ਜੀਵਨ ਦੇ ਪਹਿਰ {ਸਿਰੀਰਾਗੁ ਮਹਲਾ ੧ ਪਹਰੇ ਘਰੁ ੧ {੭੪}, ਤੁਖਾਰੀ ਮਹਲਾ ੧ {੧੧੧੦}}, ਰਾਗੁ ਬਸੰਤੁ ਮਹਲਾ ੧ ਘਰੁ ੧ ਚਉਪਦੇ ਦੁਤੁਕੇ {੧੧੬੮}, ਆਰਤੀ {ਰਾਗੁ ਧਨਾਸਰੀ ਮਹਲਾ ੧ {੧੩}, ਧਨਾਸਰੀ ਮਹਲਾ ੧ ਆਰਤੀ {੬੬੩}}, ਪਟੀ {ਰਾਗੁ ਆਸਾ ਮਹਲਾ ੧ ਪਟੀ ਲਿਖੀ {੪੩੨}}, ਜਨੇਊ {੪੭੧}, ਸੂਤਕੁ {੪੭੨}, ਤੀਰਥਿ {੬੮੭}, ਖਾਣ {੧੬}, ਪੈਨਣੁ {੧੬}, ਸੁਚਾ ਚੌਂਕਾ {੯੧}, ਵਰਤ {੧੨੪੫}, ਆਦਿ

ਇਸ ਲਈ ਜੇ ਕਰ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਧਿਆਨ ਵਿਚ ਰੱਖ ਕੇ ਇਤਿਹਾਸ ਦੀ ਸਚਾਈ ਨੂੰ ਪਰਖਿਆ ਜਾਵੇ ਤਾਂ ਇਹੀ ਪ੍ਰਤੀਤ ਹੁੰਦਾਂ ਹੈ, ਕਿ ਇਹ ਸਾਰੇ ਭਗਤ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਬਾਅਦ ਹੀ ਹੋਏ ਹੋਣਗੇ। ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੇ ਜੀਵਨ ਵਿਚ ਬਦਲਾਵ ਆਇਆ ਤੇ ਬਾਣੀ ਲਿਖਣ ਦੀ ਸਮਰੱਥਾ ਤਕ ਪਹੁੰਚ ਸਕੇ।

ਹੋ ਸਕਦਾ ਹੈ ਕੋਈ ਇਹ ਕਹੇ ਕਿ ਗੁਰੂ ਨਾਨਕ ਸਾਹਿਬ ਨੇ ਭਗਤਾਂ ਦੀ ਬਾਣੀ ਇਕੱਠੀ ਤਾਂ ਕੀਤੀ, ਪਰ ਉਨ੍ਹਾਂ ਭਗਤਾਂ ਸੰਬੰਧੀ ਤੇ ਉਨ੍ਹਾਂ ਦੀ ਬਾਣੀ ਸੰਬੰਧੀ ਕੁਝ ਲਿਖਣ ਦੀ ਲੋੜ ਨਹੀਂ ਸਮਝੀ ਹੋਵੇਗੀ। ਪਰੰਤੂ, ਅਜੇਹਾ ਠੀਕ ਪ੍ਰਤੀਤ ਨਹੀਂ ਲਗਦਾ ਹੈ, ਕਿਉਂਕਿ, ਗੁਰੂ ਨਾਨਕ ਸਾਹਿਬ ਨੇ ਆਪਣੀਆਂ ਉਦਾਸੀਆ ਸਮੇਂ ਕਈਆਂ ਨੂੰ ਮਿਲੇ ਤੇ ਬਹੁਤ ਸਾਰਿਆ ਦਾ ਸਿਧੇ ਜਾਂ ਅਸਿਧੇ ਤੌਰ ਤੇ ਬਾਣੀ ਵਿਚ ਜਿਕਰ ਕੀਤਾ ਹੈ। ਗੁਰੂ ਅਮਰਦਾਸ ਸਾਹਿਬ ਤੇ ਗੁਰੂ ਅਰਜਨ ਸਾਹਿਬ ਨੇ ਵੀ ਕਈ ਘਟਨਾਵਾਂ ਦਾ ਆਪਣੀ ਬਾਣੀ ਵਿੱਚ ਜਿਕਰ ਕੀਤਾ ਹੈ।

ਇਤਿਹਾਸ ਵਿਚ ਬਾਬਾ ਫਰੀਦ ਜੀ ਦਾ ਸਮਾਂ ੧੧੭੩ ਤੋਂ ੧੨੬੫ ਤਕ ਦੱਸਿਆ ਜਾਂਦਾ ਹੈ। ਹੇਠ ਲਿਖੇ ਸਲੋਕ ਜੋ ਕਿ ਮ: ੨ ਤੇ ਫਰੀਦ ਸਾਹਿਬ ਦੇ ਹਨ ਅਤੇ ਇਨ੍ਹਾਂ ਵਿਚ ਬਹੁਤ ਸਮਾਨਤਾ ਹੈ।

**ਸਲੋਕ ਮ: ੨ ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥ ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥੧॥ {੮੯}**

**ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥ ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥ ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥ {੧੩੮੧}**

ਹੇਠ ਲਿਖੇ ਸਲੋਕ ਜੋ ਕਿ ਮ: ੧ ਤੇ ਫਰੀਦ ਸਾਹਿਬ ਦੇ ਹਨ ਅਤੇ ਇਨ੍ਹਾਂ ਵਿਚ ਬਹੁਤ ਸਮਾਨਤਾ ਹੈ। ਜਾਂ ਤਾਂ ਇਹ ਦੋਵੇਂ ਸਬਦ ਗੁਰੂ ਨਾਨਕ ਸਾਹਿਬ ਦੇ ਹਨ, ਨਹੀਂ ਤਾਂ ਫਰੀਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਸਬਦ ਨੂੰ ਯੋਗ ਸਮਝਦੇ ਹੋਏ ਉਸ ਵਰਗਾ ਸਬਦ ਪਾ ਦਿਤਾ।

**ਸਲੋਕ ਮ: ੧ ॥ ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥੧॥ {੮੩}**

**ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ ਇਕਿ ਜਾਗੰਦੇ ਨਾ ਲਹਨਿ੍ ਇਕਨ੍ਾ ਸੁਤਿਆ ਦੇਇ ਉਠਾਲਿ ॥੧੧੩॥ {੧੩੮੩-੧੩੮੪}**

ਹੇਠ ਲਿਖੇ ਗੁਰੁ ਨਾਨਕ ਸਾਹਿਬ ਦੇ ਸਬਦ ਅਤੇ ਫਰੀਦ ਸਾਹਿਬ ਦੇ ਸਲੋਕ ਵਿਚ **"ਜਾਇ ਸੁਤੇ ਜੀਰਾਣ"** ਵਾਲੀ ਵਰਤੀ ਗਈ ਪੰਗਤੀ ਇਹੀ ਦਸਦੀ ਹੈ ਕਿ ਉਨ੍ਹਾਂ ਦੀ ਭਾਸ਼ਾ ਵਿਚ ਬਹੁਤ ਸਮਾਨਤਾ ਹੈ।

**ਸਿਰੀਰਾਗੁ ਮਹਲਾ ੧ ਘਰੁ ੨ ॥ ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥ ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥ ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥ ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥ ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥ {੨੩}**

**ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥ ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥੪੪॥ ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥ ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥੪੫॥ {੧੩੮੦}**

ਬਾਬਾ ਫਰੀਦ ਜੀ ਨੇ ਆਪਣੀ ਬਾਣੀ ਵਿਚ ਓਹੋ ਜਿਹੀ ਸਬਦਾਵਲੀ ਵਰਤੀ ਹੈ, ਜੋ ਕਿ ਮ: ੨ ਨੇ ਵਰਤੀ ਹੈ। ਇਹ ਸਮਕਾਲੀ ਭਾਸ਼ਾ ਦੀ ਨਿਸ਼ਾਨੀ ਹੈ। ਇਸੇ ਤਰ੍ਹਾਂ ਹੇਠ ਲਿਖੇ ਸਬਦਾਂ ਵਿਚ ਭਗਤ ਕਬੀਰ ਜੀ {੧੪੪੧ ਤੋਂ ੧੫੧੮}, ਭਗਤ ਭੀਖਨ ਜੀ {੧੪੮੦ ਤੋਂ ੧੫੭੩} ਤੇ ਗੁਰੂ ਰਾਮਦਾਸ ਸਾਹਿਬ {੧੫੩੪ ਤੋਂ ੧੫੮੧} ਦੀ ਸ਼ਬਦਾਵਲੀ ਵਿਚ ਸਮਾਨਤਾ ਹੈ।

**ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ ॥ ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥੪॥੭॥੫੧॥ {੩੩੪}**

**ਸੋਰਠਿ ਮਹਲਾ ੪ ਪੰਚਪਦਾ ॥ ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥ ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ ॥੪॥ {੬੦੭, ੬੦੮}**

**ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ ॥ ਹਰਿ ਗੁਨ ਕਹਤੇ ਕਹਨੁ ਨ ਜਾਈ ॥ ਜੈਸੇ ਗੂੰਗੇ ਕੀ ਮਿਠਿਆਈ ॥੧॥ ਰਹਾਉ ॥ {੬੫੯}**

ਹੇਠ ਲਿਖੇ ਗੁਰੂ ਨਾਨਕ ਸਾਹਿਬ ਅਤੇ ਬਾਬਾ ਫਰੀਦ ਜੀ ਦੇ ਸਬਦਾਂ ਵਿਚ ਵੀ ਭਾਸ਼ਾ ਦੀ ਬਹੁਤ ਸਮਾਨਤਾ ਹੈ।

**ਸੂਹੀ ਮਹਲਾ ੧ ॥ ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥ ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥ ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥ ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥ ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥੨॥ {੭੨੯}**

**ਸੂਹੀ ਲਲਿਤ ॥ ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥ ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥ ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ ॥ ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ ॥ ਦੁਧਾ ਥਣੀ**

**ਨ ਆਵਈ ਫਿਰਿ ਹੋਇ ਨ ਮੇਲਾ ॥੨॥ ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥ ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥੩॥੨॥ {੭੯੪}**

ਸਾਰੇ ਭਗਤਾਂ ਦੀ ਬਾਣੀ ਨੂੰ ਵਿਚਾਰਿਆ ਜਾਵੇ ਤਾਂ ਇਨ੍ਹਾਂ ਦੀ ਸ਼ਬਦਾਵਲੀ ਤੇ ਭਾਸ਼ਾ ਵਿਚ ਬਹੁਤ ਭਾਰੀ ਅੰਤਰ ਨਹੀਂ ਦਿਖਾਈ ਦੇਂਦਾ ਹੈ, ਜੋ ਕਿ ੪੦੦ ਸਾਲ {੧੧੭੦ ਤੋਂ ੧੫੭੩} ਦੇ ਇਸ ਸਮੇਂ ਵਿਚ ਹੋ ਸਕਦਾ ਹੈ। ਹਾਂ ਇਲਾਕੇ ਦੀ ਸ਼ਬਦਾਵਲੀ ਤੇ ਭਾਸ਼ਾ ਵਿਚ ਕੁਝ ਫਰਕ ਹੋ ਸਕਦਾ ਹੈ, ਜਿਸ ਤਰ੍ਹਾਂ ਕਿ ਭਗਤ ਨਾਮ ਦੇਵ ਜੀ ਦੀ ਬਾਣੀ ਵਿਚ ਹੈ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਅਧਾਰ ਤੇ ਵੇਖਿਆ ਜਾਵੇ ਤਾਂ ਗੁਰੂ ਅਰਜਨ ਸਾਹਿਬ ਨੇ ਬਹੁਤ ਸਾਰੇ ਭਗਤਾਂ {੧੦ ਭਗਤਾਂ} ਦਾ ਜਿਕਰ ਕੀਤਾ ਹੈ, ਗੁਰੂ ਰਾਮਦਾਸ ਸਾਹਿਬ ਨੇ ੭ ਭਗਤਾਂ ਦਾ ਜਿਕਰ ਕੀਤਾ ਹੈ ਤੇ ਗੁਰੂ ਅਮਰਦਾਸ ਸਾਹਿਬ ਨੇ ਸਿਰਫ ੩ ਭਗਤਾਂ ਦਾ ਹੀ ਜਿਕਰ ਕੀਤਾ ਹੈ। ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਸਾਹਿਬ ਨੇ ਆਪਣੀ ਬਾਣੀ ਵਿਚ ਇਨ੍ਹਾਂ ੧੫ ਭਗਤਾਂ ਵਿਚੋਂ ਕਿਸੇ ਇਕ ਦਾ ਵੀ ਜਿਕਰ ਨਹੀਂ ਕੀਤਾ ਹੈ। ਇਹ ਤਰਤੀਬ ਵੀ ਪ੍ਰਮਾਣ ਦੇਂਦੀ ਹੈ ਕਿ ਇਨ੍ਹਾਂ ਭਗਤਾਂ ਬਾਰੇ ਜਾਣਕਾਰੀ ਗੁਰੂ ਅਮਰਦਾਸ ਸਾਹਿਬ ਦੇ ਸਮੇਂ ਮਿਲੀ ਹੋਵੇਗੀ ਤੇ ਉਸ ਜਾਣਕਾਰੀ ਵਿਚ ਸਮੇਂ ਨਾਲ ਹੌਲੀ ਹੌਲੀ ਵਾਧਾ ਹੁੰਦਾਂ ਗਿਆ, ਜਿਸ ਸਦਕਾ ਪਾ: ਚੌਥੀ ਨੇ ਸੱਤ ਭਗਤਾਂ ਬਾਰੇ ਜਿਕਰ ਕੀਤਾ, ਤੇ ਪਾ: ਪੰਜਵੀ ਨੇ ਦਸ ਭਗਤਾਂ ਬਾਰੇ ਜਿਕਰ ਕੀਤਾ ਹੈ।




ਭਗਤਾਂ ਨੇ ਆਪਣੀ ਬਾਣੀ ਵਿੱਚ ਅਤੇ ਗੁਰੂ ਸਾਹਿਬਾਂ ਨੇ ਭਗਤਾਂ ਸੰਬੰਧੀ ਇਹੀ ਲਿਖਿਆ ਹੈ, ਕਿ ਉਨ੍ਹਾ ਨੇ **"ਪੂਰੇ ਗੁਰ ਤੇ ਗਤਿ ਪਾਈ"**, ਭਾਵ ਪੂਰੇ ਗੁਰੂ ਤੋਂ ਸਿਖਿਆ ਪ੍ਰਾਪਤ ਕੀਤੀ। ਸਾਨੂੰ ਭਲੀ ਪ੍ਰਕਾਰ ਪਤਾ ਹੈ **ਕਿ ਪੂਰੇ ਗੁਰੂ ਦਾ ਭਾਵ, ਸਬਦ ਗੁਰੂ ਹੀ ਹੈ।** ਆਮ ਤੌਰ ਤੇ ਇਤਿਹਾਸਕ ਕਥਾਂਵਾਂ ਬਿਆਨ ਕਰਦੇ ਸਮੇਂ, ਇਨ੍ਹਾਂ ਭਗਤਾਂ ਦੇ ਕਈ ਦੁਨਿਆਵੀ ਗੁਰੂਆਂ ਦਾ ਵੀ ਜਿਕਰ ਕੀਤਾ ਜਾਂਦਾ ਹੈ, ਪਰੰਤੂ, ਉਹ ਬਿਆਨ ਕੀਤੇ ਜਾ ਰਹੇ ਗੁਰੂ, ਪੂਰੇ ਗੁਰੂ ਦੀ ਅਵਸਥਾ ਤਕ ਨਹੀਂ ਪਹੁੰਚੇ ਸਨ, ਕਿਉਂਕਿ ਅਜੇਹਿਆਂ ਗੁਰੂਆਂ ਦੀ ਉੱਚੀ ਅਵਸਥਾ ਸੰਬੰਧੀ ਗੁਰੂ ਸਾਹਿਬਾਂ ਨੇ ਕੋਈ ਜਿਕਰ ਨਹੀਂ ਕੀਤਾ ਹੈ। ਇਥੋਂ ਤੱਕ ਕਿ ਭਗਤਾਂ ਨੇ ਵੀ ਆਪਣੀ ਬਾਣੀ ਵਿੱਚ ਕਿਸੇ ਵਿਅਕਤੀਗਤ ਗੁਰੂ, ਦਾ ਕੋਈ ਜਿਕਰ ਨਹੀਂ ਕੀਤਾ

ਹੈ। ਇਸ ਤੋਂ ਸਾਫ ਜਾਹਰ ਹੁੰਦਾ ਹੈ ਕਿ ਇਨ੍ਹਾਂ ਭਗਤਾਂ ਨੇ ਵੀ ਗੁਰੂ ਨਾਨਕ ਸਾਹਿਬ ਦੁਆਰਾ ਦਰਸਾਏ ਗਏ **ਸਬਦ ਗੁਰੂ** ਨੂੰ ਹੀ ਅਪਨਾਇਆ ਹੋਵੇਗਾ।

**ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥ ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥੫॥ ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ ॥ ਮਨੁ ਡੀਗਿ ਨ ਡੋਲੈ ਕਹੂੰ ਜਾਇ ॥ ਮਨ ਤੂ ਭੀ ਤਰਸਹਿ ਸਰਣਿ ਪਾਇ ॥੬॥ ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ॥ ਸੇ ਤੈਂ ਲੀਨੇ ਭਗਤ ਰਾਖਿ ॥ ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥ ਇਹ ਬਿਧਿ ਦੇਖਿ ਮਨੁ ਲਗਾ ਸੇਵ ॥੭॥ ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥ ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥ {੧੧੯੨}**

ਇਕ ਹੋਰ ਵੱਡਾ ਪ੍ਰਮਾਣ ਹੈ, ਕਿ ਇਨ੍ਹਾਂ ਸਾਰੇ ਭਗਤਾਂ ਨੇ ਆਪਣੀ ਬਾਣੀ ਵਿਚ ਸ਼ਬਦ ਦਾ ਕੇਂਦਰੀ ਭਾਵ ਦੱਸਣ ਲਈ ਰਹਾਉ ਦੀ ਪੰਗਤੀ ਵਰਤੀ ਹੈ। ਗੁਰੂ ਨਾਨਕ ਸਾਹਿਬ ਤੇ ਬਾਕੀ ਦੇ ਸਾਰੇ ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਸ਼ਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਹੀ ਵਰਤੀ ਹੈ। ਸਾਰੇ ਭਗਤਾਂ ਦਾ ਸ਼ਬਦ ਦੇ ਕੇਂਦਰੀ ਭਾਵ ਨੂੰ ਦੱਸਣ ਲਈ ਰਹਾਉ ਨੂੰ ਵਰਤਣਾਂ, ਇਹੀ ਸੰਕੇਤ ਦੇਂਦਾ ਹੈ, ਕਿ ਇਨ੍ਹਾਂ ਭਗਤਾਂ ਨੇ ਗੁਰੂ ਨਾਨਕ ਸਾਹਿਬ ਦੀ ਸਿਖਿਆਂ ਤੇ ਗੁਰਬਾਣੀ ਦੀ ਬਣਤਰ ਨੂੰ ਅਪਨਾਇਆ। ਹੋ ਸਕਦਾ ਹੈ, ਕੋਈ ਇਹ ਕਹੇ ਕਿ ਗੁਰੂ ਅਰਜਨ ਸਾਹਿਬ ਨੇ ਬਾਅਦ ਵਿਚ ਰਹਾਉ ਦੀਆ ਪੰਗਤੀਆਂ ਨੂੰ ਪਾਇਆ, ਪਰੰਤੂ ਇਹ ਅਸੰਭਵ ਹੈ, ਕਿਉਂਕਿ, ਗੁਰੂ ਗਰੰਥ ਸਾਹਿਬ ਵਿਚ ਜਿਥੇ ਜਿਥੇ ਵੀ ਭਗਤਾਂ ਦੀ ਬਾਣੀ ਦੇ ਨਾਲ ਹੋਰ ਗੁਰੂ ਸਾਹਿਬਾਂ ਦੀ ਬਾਣੀ ਅੰਕਿਤ ਕੀਤੀ ਗਈ ਹੈ, ਉਥੇ ਮਹਲਾ ੩ ਜਾਂ ਮਹਲਾ ੫ ਆਦਿ ਲਿਖ ਦਿੱਤਾ ਗਿਆ ਹੈ। ਗੁਰੂ ਅਰਜਨ ਸਾਹਿਬ ਨੇ ਸਿਰਲੇਖ, ਸਬਦਾ ਦੀ ਤਰਤੀਬ, ਗਿਣਤੀ, ਤੇ ਕੁੱਲ ਸਬਦ, ਸੱਭ ਥਾਂਵਾਂ ਤੇ ਅੰਕਿਤ ਕੀਤੇ ਹਨ। ਗੁਰੂ ਸਾਹਿਬ ਨੇ ੪੦੦ ਸਾਲ ਪਹਿਲਾਂ ਦੂਰਅੰਦੇਸ਼ੀ ਤੇ ਸਿਆਣਪ ਵਾਲਾ ਤਰੀਕਾ {Software Interlock System} ਅਪਨਾਇਆ, ਤਾਂ ਜੋ ਕੋਈ ਵੀ ਇਸ ਸੱਚੀ ਬਾਣੀ ਵਿਚ ਬਦਲਾਵ ਨਾ ਕਰ ਸਕੇ।

ਲੇਖ ਵਿਚ ਦਿਤੇ ਗਏ ਗਰਾਫ ਵਿਚ ਇਹ ਦਰਸਾਇਆ ਗਿਆ ਹੈ, ਕਿ ਕਿਨੇ ਭਗਤਾਂ ਬਾਰੇ ਗੁਰੂ ਸਾਹਿਬਾਂ, ਭੱਟਾਂ, ਤੇ ਦੂਸਰੇ ਭਗਤਾਂ ਨੇ ਜਿਕਰ ਕੀਤਾ ਹੈ। ਇਸ ਗਰਾਫ ਅਨੁਸਾਰ ਜਿਆਦਾ ਵਾਰੀ ਜਿਕਰ ਭਗਤ ਨਾਮ ਦੇਵ ਜੀ ਤੇ ਭਗਤ ਕਬੀਰ ਜੀ ਦਾ ਹੋਇਆ ਹੈ, ਇਸ ਲਈ ਇਹ ਗੁਰੂ ਅਮਰ ਦਾਸ ਸਾਹਿਬ ਦੇ ਸਮੇਂ ਦੇ ਆਸ ਪਾਸ ਹੋਏ ਹੋਣਗੇ। ਕਿਉਂਕਿ ਬਾਬਾ ਫਰੀਦ ਜੀ ਮੁਸਲਮਾਨ ਸਨ, ਇਸ ਲਈ ਉਨ੍ਹਾਂ ਸਬੰਧੀ ਗੁਰੂ ਅਮਰ ਦਾਸ ਸਾਹਿਬ ਤੇ ਗੁਰੂ ਅਰਜਨ ਸਾਹਿਬ ਨੇ ਤਾਂ ਜਿਕਰ ਕੀਤਾ ਹੈ, ਪਰੰਤੂ ਹੋਰ ਦੂਸਰਿਆਂ ਭਗਤਾਂ ਨੇ ਨਹੀਂ। ਇਸ ਗਰਾਫ ਤੇ ਵਿਸ਼ਾ-ਸੂਚੀ {Table} ਅਨੁਸਾਰ ਬਾਕੀ ਦੇ ਭਗਤਾਂ ਸਬੰਧੀ ਜਾਣਕਾਰੀ ਗੁਰੂ ਅਮਰ ਦਾਸ ਸਾਹਿਬ ਦੇ ਸਮੇਂ ਜਾਂ ਉਸ ਤੋਂ ਬਾਅਦ ਪ੍ਰਾਪਤ ਹੋਈ ਹੋਵੇਗੀ।

**ਇਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਤੇ ਉਸ ਅਨੁਸਾਰ ਮਿਲ ਰਹੇ ਪ੍ਰਮਾਣ ਇਹੀ ਸਾਬਤ ਕਰਦੇ ਹਨ, ਕਿ ਇਹ ਸਾਰੇ ਭਗਤ, ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਬਾਅਦ ਹੀ ਹੋਏ ਹੋਣਗੇ, ਤੇ ਇਨ੍ਹਾਂ ਸਾਰੇ ਭਗਤਾਂ ਨੇ ਆਪਣੀ ਰਚਨਾਂ ਲਿਖਣ ਲਈ ਸੇਧ ਵੀ ਗੁਰੂ ਨਾਨਕ ਸਾਹਿਬ ਤੇ ਹੋਰ ਗੁਰੂ ਸਾਹਿਬਾਂ ਤੋਂ ਲਈ ਹੋਵੇਗੀ।**

ਗੁਰੂ ਗਰੰਥ ਸਾਹਿਬ ਵਿਚ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੀ ਬਾਣੀ ਦਰਜ ਹੈ, ਤੇ ਫਿਰ ਬਾਕੀ ਗੁਰੂ ਸਾਹਿਬਾਂ ਦੀ ਬਾਣੀ ਤਰਤੀਬ ਨਾਲ ਦਰਜ ਕੀਤੀ ਗਈ ਹੈ। ਗੁਰੂ ਗਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ, ਇਸ ਤਰਤੀਬ ਨਾਲ ਅੰਕਿਤ ਕੀਤੀ ਗਈ ਹੈ: ਭਗਤ ਕਬੀਰ ਜੀ, ਭਗਤ ਨਾਮ ਦੇਵ ਜੀ, ਭਗਤ ਰਵਿਦਾਸ ਜੀ, ਤੇ ਫਿਰ ਬਾਕੀ ਦੇ ਭਗਤਾਂ ਦੀ ਬਾਣੀ। ਹੋ ਸਕਦਾ ਹੈ ਕਿ ਇਹ ਤਰਤੀਬ ਭਗਤਾਂ ਦੇ ਜੀਵਨ ਕਾਲ ਨਾਲ ਵੀ ਸਬੰਧਤ ਹੋਵੇ।

ਦਾਸ ਨੇ ਇਹ ਲੇਖ ਪਹਿਲੀ ਵਾਰ ੦੩.੦੭.੨੦੦੮ ਨੂੰ ਸਿੱਖ ਮਾਰਗ ਵਿਚ ਛਾਪਿਆ ਸੀ। ਜਿਸ ਵਿਚ ਇਤਿਹਾਸਕ ਖਾਮੀਆਂ ਸਪੱਸ਼ਟ ਰੂਪ ਵਿਚ ਵਿਖਾ ਦਿਤੀਆਂ ਸਨ, ਕਿ ਕੋਈ ਕਿਸੇ ਦੇ ਜੰਮਣ ਤੋਂ ਪਹਿਲਾਂ ਉਸ ਬਾਰੇ

ਕਿਸ ਤਰ੍ਹਾਂ ਲਿਖ ਸਕਦਾ ਹੈ। ਗੁਰੂ ਨਾਨਕ ਦਰਬਾਰ ਦੁਬੱਈ ਨੇ ਤਾਂ ਆਪਣੀ ੨੦੧੮ ਦੀ ਜੰਤਰੀ ਛਾਪਣ ਵਿਚ ਇਨ੍ਹਾਂ ਖਾਮੀਆਂ ਤੇ ਪੜਦਾ ਪਾਉਂਣ ਲਈ ਬਹੁਤ ਅਨੋਖਾ ਢੰਗ ਵਰਤਿਆ ਹੈ। ਉਨ੍ਹਾਂ ਨੇ ਭਗਤਾਂ ਦੀ ਉਮਰ ਵਿਚ ਜਬਰਦਸਤ ਵਾਧਾ ਕਰਕੇ ਇਹ ਝੂਠ ਲਕੋਣ ਦਾ ਯਤਨ ਕੀਤਾ ਹੈ।

ਉਨ੍ਹਾਂ ਨੇ ਭਗਤ ਕਬੀਰ ਜੀ ਦੀ ਉਮਰ ਵਧਾ ਕੇ ੧੨੦ ਸਾਲ, ਕਰ ਦਿਤੀ, ਭਗਤ ਰਵਿਦਾਸ ਜੀ ਦੀ ੧੫੧ ਸਾਲ ਕਰ ਦਿਤੀ, ਭਗਤ ਪੀਪਾ ਜੀ ਦੀ ੧੩੬ ਸਾਲ ਕਰ ਦਿਤੀ, ਭਗਤ ਰਾਮਾਨੰਦ ਜੀ ਦੀ ੧੦੧ ਸਾਲ ਕਰ ਦਿਤੀ, ਭਗਤ ਪਰਮਾਨੰਦ ਜੀ ੧੧੦ ਸਾਲ ਕਰ ਦਿਤੀ । **ਇਸ ਜੰਤਰੀ ਵਿਚ ਦੱਸੀਆਂ ਗਈਆਂ ਉਮਰਾਂ ਮੁਤਾਬਕ ਤਾਂ ਇਨ੍ਹਾਂ ਸਭ ਭਗਤਾਂ ਨੂੰ ਗਿੰਨੀ ਬੁਕ ਵਿਚ ਸ਼ਾਮਲ ਕਰ ਦੇਣਾ ਚਾਹੀਦਾ ਹੈ।** ਇਹ ਵੀ ਇੱਕ ਅਜਿਹਾ ਤਰੀਕਾ ਹੈ, ਜਿਸ ਰਾਹੀਂ ਸਿੱਖ ਇਤਿਹਾਸ ਨਾਲ ਛੇੜਛਾੜ ਕੀਤੀ ਜਾ ਰਹੀ ਹੈ।







ਗੁਰੂ ਗਰੰਥ ਸਾਹਿਬ ਵਿਚ, ਗੁਰੂ ਸਾਹਿਬਾਂ ਤੇ ਹੋਰ ਭਗਤਾਂ ਦਾ ਆਪਣੀ ਬਾਣੀ ਵਿਚ ਦੂਸਰੇ ਭਗਤਾਂ ਦਾ ਜਿਕਰ ਕਰਨ ਅਨੁਸਾਰ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਨੁਸਾਰ ਤੇ ਪ੍ਰਚਲਿਤ ਇਤਿਹਾਸ ਦੀ ਤਰਤੀਬ ਨੂੰ ਧਿਆਨ ਵਿਚ ਰੱਖਦੇ ਹੋਏ, ਇਨ੍ਹਾਂ ਭਗਤਾਂ ਦੇ ਜੀਵਨ ਦਾ ਆਖਰੀ ਸਮਾਂ ਜਾਂ ਪ੍ਰਸਿਧ ਹੋਣ ਦਾ ਸਮਾਂ ਅੰਨਦਾਜਨ, ਇਸ ਤਰਤੀਬ ਅਨੁਸਾਰ ਬਣਦਾ ਹੈ।

**ਭਗਤ ਜੈਦੇਵ ਜੀ, ਬਾਬਾ ਫਰੀਦ ਜੀ, ਭਗਤ ਤ੍ਰਿਲੋਚਨ ਜੀ, ਭਗਤ ਨਾਮ ਦੇਵ ਜੀ, ਭਗਤ ਰਾਮਾਨੰਦ ਜੀ, ਭਗਤ ਕਬੀਰ ਜੀ, ਭਗਤ ਸਧਨਾ ਜੀ, ਭਗਤ ਸੈਣੁ ਜੀ, ਭਗਤ ਰਵਿਦਾਸ ਜੀ, ਭਗਤ ਧੰਨਾਂ ਜੀ, ਭਗਤ ਪੀਪਾ ਜੀ, ਭਗਤ ਭੀਖਨ ਜੀ, ਭਗਤ ਪਰਮਾਨੰਦ ਜੀ, ਭਗਤ ਸੂਰਦਾਸ ਜੀ, ਭਗਤ ਬੇਣੀ ਜੀ**

ਇਸ ਤਰਤੀਬ ਨੂੰ ਵਿਸਥਾਰ ਨਾਲ ਸਮਝਣ ਲਈ ਹੇਠ ਲਿਖੀ ਵਿਸ਼ਾ-ਸੂਚੀ {Table} ਵਿਚ 15 ਭਗਤਾਂ ਦੇ ਨਾਂ ਤਰਤੀਬ ਅਨੁਸਾਰ ਤੇ ਉਨ੍ਹਾਂ ਦੇ ਪ੍ਰਚਲਿਤ ਇਤਿਹਾਸ ਸਬੰਧੀ ਸ਼ੰਕੇ ਤੇ ਕਾਰਨ ਦਿਤੇ ਗਏ ਹਨ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਇਹੀ ਸੇਧ ਦੇਂਦੀ ਹੈ, ਕਿ ਪ੍ਰਚਲਿਤ ਇਤਿਹਾਸ ਅਨੁਸਾਰ ਸਭ ਦੇ ਕਾਲ ਸਮੇ ਵਿਚ ਭਾਰੀ ਸੁਧਾਰ ਦੀ ਲੋੜ ਹੈ। ਇਹ ਸਭ 15 ਭਗਤ ਗੁਰੂ ਨਾਨਕ ਸਾਹਿਬ ਦੇ ਕਾਲ {1469} ਤੋਂ ਬਾਅਦ ਹੀ ਹੋਏ ਹੋਣਗੇ।

| ਭਗਤ ਜੀ ਦਾ ਨਾਮ | ਪ੍ਰਚਲਿਤ ਇਤਿਹਾਸ ਅਨੁਸਾਰ ਉਨ੍ਹਾਂ ਦਾ ਕਾਲ ਸਮਾਂ {ਜਨਮ ਤੋਂ ਜੋਤੀ ਜੋਤ} {ਜੁਲਾਈ ੨੦੦੮} | ਖ਼ਾਲਸਾ ਜੰਤਰੀ, ਗੁਰੂ ਨਾਨਕ ਦਰਬਾਰ, ਦੁਬੱਈ-੨੦੧੮ | ਦੋਹਾਂ ਵਿਚ ਅੰਤਰ ਜਾਂ ਦੁਬੱਈ-੨੦੧੮ ਦੇ ਲਈ ਸਵਾਲ ਜਾਂ ਸ਼ੰਕਾ | ਗੁਰੂ ਗਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਤੇ ਹੋਰ ਭਗਤ ਜਿਨ੍ਹਾਂ ਨੇ ਆਪਣੀ ਬਾਣੀ ਵਿਚ ਜਿਕਰ ਕੀਤਾ ਹੈ। |
|---|---|---|---|---|
| ਭਗਤ ਜੈਦੇਵ ਜੀ | ੧੧੭੦ ਦੇ ਲਾਗੇ | ੧੨੦੧ ਤੋਂ ੧੨੭੩ = ਸਾਲ | ਜਨਮ ਦਾ ਫਰਕ = ੩੧ ਸਾਲ, ਅੰਤ ਕਾਲ ਕਿਸ ਤਰ੍ਹਾਂ ਪਤਾ ਲੱਗਾ? | ਪਾ: ੪, ੫, ਭਗਤ ਕਬੀਰ ਜੀ ਤੇ ਭੱਟਾਂ, ਆਪਣੇ ਆਪ |
| ਬਾਬਾ ਫਰੀਦ ਜੀ | ੧੧੭੩ ਤੋਂ ੧੨੬੫ | ੧੧੭੩ ਤੋਂ ੧੨੬੬ = 93 ਸਾਲ | | ਪਾ: ੩ ਤੇ ੫, ਆਪਣੇ ਆਪ |
| ਭਗਤ ਤ੍ਰਿਲੋਚਨ ਜੀ | ੧੨੬੭ ਤੋਂ | ੧੨੬੭ ਤੋਂ ੧੩੩੫ = 68 ਸਾਲ | ਅੰਤ ਕਾਲ ਕਿਸ ਤਰ੍ਹਾਂ ਪਤਾ ਲੱਗਾ? | ਪਾ: ੪, ੫, ਭਗਤ ਨਾਮ ਦੇਵ ਜੀ, ਭਗਤ ਰਵਿਦਾਸ ਜੀ, ਤੇ ਭੱਟਾਂ, ਆਪਣੇ ਆਪ |
| ਭਗਤ ਨਾਮ ਦੇਵ ਜੀ | ੧੨੭੦ ਤੋਂ ੧੩੫੦ | ੧੨੭੦ ਤੋਂ ੧੩੫੦ = 80 ਸਾਲ | | ਪਾ: ੩, ੪, ੫, ਭਗਤ ਤ੍ਰਿਲੋਚਨ ਜੀ, ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਤੇ ਭੱਟਾਂ, ਆਪਣੇ ਆਪ |
| ਭਗਤ ਰਾਮਾਨੰਦ ਜੀ | ੧੩੬੬ ਤੋਂ {1296 AD to 1400 in 2018 data} | ੧੩੬੬ ਤੋਂ ੧੪੬੭ = ੧੦੧ ਸਾਲ | ਅੰਤ ਕਾਲ ਕਿਸ ਤਰ੍ਹਾਂ ਪਤਾ ਲੱਗਾ? | ਆਪਣੇ ਆਪ |
| ਭਗਤ ਕਬੀਰ ਜੀ | ੧੪੪੧ ਤੋਂ ੧੫੧੮ {1440 to 1518 in 2018 data} | ੧੩੯੮ ਤੋਂ ੧੫੧੮ = ੧੨੦ ਸਾਲ | ਜਨਮ ਦਾ ਫਰਕ = ੪੩ ਸਾਲ, | ਪਾ: ੩, ੪, ੫, ਭਗਤ ਰਵਿਦਾਸ ਜੀ {੧੩੯੯} ਤੇ ਭੱਟਾਂ, ਆਪਣੇ ਆਪ |
| ਭਗਤ ਸਧਨਾ ਜੀ | ੧੧੮੦ ਤੋਂ | ੧੧੮੦ ਤੋਂ = ਸਾਲ | | ਭਗਤ ਰਵਿਦਾਸ ਜੀ, ਆਪਣੇ ਆਪ |
| ਭਗਤ ਸੈਣੁ ਜੀ | ਲਗਭਗ ੧੩੪੪ ਤੋਂ {1400 to 1490 in 2018 data} | ੧੩੯੦ ਤੋਂ ੧੪੪੦ = ੫੦ ਸਾਲ | ਅੰਤ ਕਾਲ ਕਿਸ ਤਰ੍ਹਾਂ ਪਤਾ ਲੱਗਾ? | ਪਾ: ੪ ਤੇ ੫, ਭਗਤ ਰਵਿਦਾਸ ਜੀ {੧੩੯੯}, ਆਪਣੇ ਆਪ |
| ਭਗਤ ਰਵਿਦਾਸ ਜੀ | ੧੩੯੯ ਤੋਂ | ੧੩੭੭ ਤੋਂ ੧੫੨੮ = ੧੫੧ ਸਾਲ | ਅੰਤ ਕਾਲ ਕਿਸ ਤਰ੍ਹਾਂ ਪਤਾ ਲੱਗਾ? | ਪਾ: ੪, ੫, ਤੇ ਭੱਟਾਂ, ਆਪਣੇ ਆਪ |
| ਭਗਤ ਧੰਨਾਂ ਜੀ | ੧੪੧੫ ਤੋਂ | ੧੪੧੫ ਤੋਂ ੧੪੭੫ = ੬੦ ਸਾਲ | ਅੰਤ ਕਾਲ ਕਿਸ ਤਰ੍ਹਾਂ ਪਤਾ ਲੱਗਾ? | ਪਾ: ੪ ਤੇ ੫, ਆਪਣੇ ਆਪ |
| ਭਗਤ ਪੀਪਾ ਜੀ | ੧੪੨੫ ਤੋਂ | ੧੪੨੬ ਤੋਂ ੧੫੬੨ = ੧੩੬ ਸਾਲ | ਅੰਤ ਕਾਲ ਕਿਸ ਤਰ੍ਹਾਂ ਪਤਾ ਲੱਗਾ? | ਆਪਣੇ ਆਪ |
| ਭਗਤ ਭੀਖਨ ਜੀ | ੧੪੮੦ ਤੋਂ ੧੫੭੩ | ੧੪੮੦ ਤੋਂ ੧੫੭੩ = 93 ਸਾਲ | | ਆਪਣੇ ਆਪ |
| ਭਗਤ ਪਰਮਾਨੰਦ ਜੀ | ੧੪੮੩ ਤੋਂ | ੧੪੮੩ ਤੋਂ ੧੫੯੩ = ੧੧੦ ਸਾਲ | ਅੰਤ ਕਾਲ ਕਿਸ ਤਰ੍ਹਾਂ ਪਤਾ ਲੱਗਾ? | ਆਪਣੇ ਆਪ |
| ਭਗਤ ਸੂਰਦਾਸ ਜੀ | ੧੪੮੩ ਤੋਂ ੧੫੭੩ | ੧੫੨੯ ਤੋਂ = ਸਾਲ | ਅੰਤ ਕਾਲ ਕਿਉਂ ਨਹੀਂ ਲਿਖਿਆ? | ਪਾ: ੫ |
| ਭਗਤ ਬੇਣੀ ਜੀ | ਪਤਾ ਨਹੀਂ | ਅੰਨਦਾਜਨ ੧੪੭੫ ਤੋਂ ੧੫੨੫ | ਹੁਣ ਇਹ ਕਿਸ ਤਰ੍ਹਾਂ ਪਤਾ ਲੱਗ ਗਿਆ? | ਪਾ: ੫, ਆਪਣੇ ਆਪ |

“ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫਤਿਹ”

ਤਤਕਰਾ

# ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੀ ਖੋਜ ਅਨੁਸਾਰ ਇਤਿਹਾਸਿਕ ਪ੍ਰਮਾਣ ਤੇ ਸਿਖਿਆ {ਸੰਖੇਪ ਨਿਚੋੜ}

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਆਧਾਰ ਤੇ ਖੋਜ ਕਰਨ ਨਾਲ ਇਹ ਸਾਬਤ ਹੋ ਗਿਆ ਹੈ ਕਿ ਪ੍ਰਚਲਤ ਇਤਿਹਾਸ ਵਿਚ ਜਬਰਦਸਤ ਮਿਲਾਵਟ ਤੇ ਅਦਲਾ ਬਦਲੀ ਕੀਤੀ ਗਈ ਹੈ। ਸਿੱਖ ਇਤਿਹਾਸ ਲਿਖਣ ਵਾਲੇ ਜਿਆਦਾ ਤਰ ਗੈਰ ਸਿੱਖ ਹੀ ਸਨ, ਜਿਸ ਕਰਕੇ ਸਿੱਖ ਇਤਿਹਾਸ ਵਿਚ ਬਹੁਤ ਸਾਰੀਆਂ ਮਿਲਾਵਟਾਂ ਪਾਈਆਂ ਜਾ ਚੁਕੀਆਂ ਹਨ। ਸਿਖਾਂ ਕੋਲ ਸਿਰਫ ਗੁਰੂ ਗਰੰਥ ਸਾਹਿਬ ਹੀ ਬਚ ਗਏ ਹਨ, ਜਿਨ੍ਹਾਂ ਵਿਚ ਕੋਈ ਮਿਲਾਵਟ ਨਹੀਂ ਕਰ ਸਕਿਆ ਹੈ। ਇਸ ਲਈ ਸਿਖਾਂ ਨੂੰ ਬਹੁਤ ਸੁਚੇਤ ਹੋਣ ਦੀ ਲੋੜ ਹੈ। ਦਸਵੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਆਖਰੀ ਹੁਕਮ ਹਮੇਸ਼ਾਂ ਯਾਦ ਰਖਣਾ ਚਾਹੀਦਾ ਹੈ ਤੇ ਉਸ ਤੇ ਅਮਲ ਕਰਨਾ ਚਾਹੀਦਾ ਹੈ।

**ਦੋਹਰਾ: ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥ ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥ ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ॥ ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੈਂ ਲੇਹ॥**

ਗੁਰੂ ਗਰੰਥ ਸਾਹਿਬ ਵਿਚ ਸਮਾਜਿਕ, ਰਾਜਨੀਤਕ, ਗ੍ਰਹਿ ਵਿਗਿਆਨ, ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਕਮਿਸਟਰੀ, ਫਿਜ਼ਿਕਸ, ਭੂਮੰਡਲ, ਅਕਾਸ਼ ਮੰਡਲ, ਮਨੋਵਿਗਿਆਨ, ਆਦਿ ਸੱਭ ਤਰ੍ਹਾਂ ਦੇ ਵਿਸ਼ਿਆ ਸਬੰਧੀ ਉਸ ਸਮੇਂ ਅਨੁਸਾਰ ਡੂੰਘੀ ਜਾਣਕਾਰੀ ਦਿੱਤੀ ਗਈ ਹੈ, ਤਾਂ ਜੋ ਸਮੁੱਚੀ ਮਨੁੱਖਤਾ ਨੂੰ ਜੀਵਨ ਦੀ ਸਹੀ ਦਿਸ਼ਾ ਵੱਲ ਮੋੜਿਆ ਜਾ ਸਕੇ। ਇਸ ਲਈ ਗੁਰੂ ਗਰੰਥ ਸਾਹਿਬ ਵਿਚੋਂ ਹਰੇਕ ਪਹਿਲੂ ਤੇ ਖੋਜਣ ਦੀ ਲੋੜ ਹੈ, ਤੇ ਦਸਵੇਂ ਪਾਤਸ਼ਾਹ ਦਾ ਵੀ ਹਰੇਕ ਸਿੱਖ ਨੂੰ ਇਹੀ ਹੁਕਮ ਹੈ।

**ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਾਰੀ ਬਾਣੀ ਇਹੀ ਸੰਕੇਤ ਦੇਂਦੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਦੇਵ ਲਫਜ਼ ਨਹੀਂ ਵਰਤਿਆ ਜਾਂਦਾ ਸੀ।** ਇਸ ਲਈ ਇਕ ਸਿੱਖ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਗੁਰੂ ਗਰੰਥ ਸਾਹਿਬ ਅਨੁਸਾਰ ਦੱਸੇ ਹੋਏ ਮਾਰਗ ਤੇ ਚੱਲੇ। ਇਸ ਲਈ ਉਚਿਤ ਇਹੀ ਹੈ, ਕਿ ਅਸੀਂ **ਨਾਨਕ** ਨਾਂ ਦੀ ਵਰਤੋਂ ਹੀ ਕਰੀਏ। ਕਿਉਂਕਿ ਉਹ ਸਾਡੇ ਗੁਰੂ ਸਾਹਿਬ ਹਨ, ਇਸ ਲਈ ਆਰੰਭ ਵਿਚ **ਗੁਰੂ** ਸ਼ਬਦ ਦੀ ਵਰਤੋਂ ਹੋਣੀ ਚਾਹੀਦੀ ਹੈ। ਆਮ ਵਿਅਕਤੀ ਦੇ ਨਾਂ ਨਾਲ, ਜੀ ਦੀ ਵਰਤੋਂ ਤਾਂ ਕੀਤੀ ਜਾਂਦੀ ਹੈ ਪਰੰਤੂ, ਸਾਹਿਬ ਦੀ ਨਹੀਂ। ਇਸ ਲਈ ਗੁਰੂ ਸਾਹਿਬ ਦੇ ਨਾਂ ਦੇ ਬਾਅਦ ਵਿਚ, ਜੀ ਦੀ ਬਜਾਏ ਸਾਹਿਬ ਦੀ ਵਰਤੋਂ ਕਰਨੀ ਹੀ ਉਚਿਤ ਹੈ। ਗੁਰੂ ਗਰੰਥ ਸਾਹਿਬ ਵਿਚ "ਸਾਹਿਬ" ਜਾਂ "ਜੀ" ਦੀ ਵਰਤੋਂ, ਵੱਖ ਵੱਖ ਥਾਂਵਾਂ ਤੇ ਤਾਂ ਕਈ ਵਾਰੀਂ ਕੀਤੀ ਗਈ ਹੈ, ਪਰੰਤੂ, "ਸਾਹਿਬ ਜੀ" ਦੀ ਵਰਤੋਂ ਇਕੱਠਾ ਕਿਤੇ ਵੀ ਨਹੀਂ ਕੀਤੀ ਗਈ ਹੈ। ਇਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਸਾਰੀ ਬਾਣੀ ਇਹੀ ਮਾਰਗ ਦਰਸ਼ਨ ਕਰਦੀ ਹੈ, ਕਿ ਸਾਨੂੰ ਗੁਰੂ ਸਾਹਿਬ ਨੂੰ ਸੰਬੋਧਨ ਕਰਨ ਲਈ ਸਤਿਕਾਰ ਨਾਲ **ਗੁਰੂ ਨਾਨਕ ਸਾਹਿਬ** ਹੀ ਕਹਿਣਾ ਚਾਹੀਦਾ ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿਤ ਵੀ ਇਹੀ ਮਾਰਗ ਦੱਸਦੇ ਹਨ ਕਿ ਗੁਰੂ ਨਾਨਕ ਸਾਹਿਬ ਨਾਂ ਹੀ ਉਚਿਤ ਹੈ, ਤੇ ਨਾਨਕ ਦੇਵ ਸਬੰਧੀ ਕੋਈ ਠੋਸ ਸਬੂਤ ਨਹੀਂ ਹੈ। ਹੋ ਸਕਦਾ ਹੈ, ਦੂਸਰੇ ਮਤ ਵਾਲਿਆਂ ਨੇ ਗੁਰੂ ਨਾਨਕ ਸਾਹਿਬ ਨੂੰ ਆਪਣਾ ਇਕ ਦੇਵਤਾ ਸਾਬਤ ਕਰਨ ਲਈ ਪਰਚਲਿਤ ਕਰ ਦਿਤਾ ਹੋਵੇ। ਇਸ ਲਈ ਸੁਚੇਤ ਹੋਣ ਦੀ ਲੋੜ ਹੈ। ਇਸ ਲਈ ਹਰੇਕ ਸਿੱਖ ਲਈ ਗੁਰੂ ਸਾਹਿਬ ਨੂੰ ਸੰਬੋਧਨ ਕਰਨ ਸਮੇਂ ਸਤਿਕਾਰ ਨਾਲ ਗੁਰੂ ਨਾਨਕ ਸਾਹਿਬ ਹੀ ਉਚਾਰਨਾ ਚਾਹੀਦਾ ਹੈ।

ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਦਾ ਨਾਂ ਗੁਰੂ ਨਾਨਕ ਦੇਵ ਕਰਕੇ ਪਰਚਲਿਤ ਕੀਤਾ ਗਿਆ ਹੈ, ਠੀਕ ਉਸੇ ਤਰ੍ਹਾਂ ਗੁਰੂ ਅੰਗਦ ਸਾਹਿਬ ਦਾ ਨਾਂ ਵੀ ਗੁਰੂ ਅੰਗਦ ਦੇਵ ਕਰਕੇ ਪਰਚਲਿਤ ਕੀਤਾ ਗਿਆ ਹੈ। ਪਰੰਤੂ ਗੁਰੂ ਗਰੰਥ

ਸਾਹਿਬ ਵਿਚ ਗੁਰੂ ਅੰਗਦ ਸਾਹਿਬ ਦਾ ਨਾਂ ਕਦੇ ਵੀ ਗੁਰੂ ਅੰਗਦ ਦੇਵ ਕਰਕੇ ਨਹੀਂ ਆਇਆ ਹੈ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿਤ ਸਪੱਸ਼ਟ ਤੌਰ ਤੇ ਨਿਰਣਾ ਕਰ ਦੇਂਦੇ ਹਨ, ਕਿ ਗੁਰੂ ਅੰਗਦ ਸਾਹਿਬ ਦਾ ਨਾਂ, ਕਦੇ ਵੀ ਗੁਰੂ ਅੰਗਦ ਦੇਵ ਕਰਕੇ ਵਰਤੋਂ ਵਿਚ ਨਹੀਂ ਸੀ। ਇਹ ਬਾਅਦ ਵਿਚ ਪਰਚਲਿਤ ਕੀਤਾ ਗਿਆ ਹੈ। ਇਸ ਲਈ ਹਰੇਕ ਸਿੱਖ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਗੁਰੂ ਸਾਹਿਬ ਨੂੰ ਹਮੇਸ਼ਾਂ **ਗੁਰੂ ਅੰਗਦ ਸਾਹਿਬ** ਕਰਕੇ ਹੀ ਸੰਬੋਧਤ ਕਰੇ।

ਭੱਟਾਂ ਨੇ ਆਪਣੀ ਰਚਨਾ {੧੯ ਸ਼ਬਦਾਂ} ਵਿਚ ਅਰਜੁਨ ਵਰਤਿਆ ਹੈ ਅਤੇ ਉਸ ਨਾਲ ਦੇਵ ਦੀ ਵਰਤੋਂ ਬਿਲਕੁਲ ਨਹੀਂ ਕੀਤੀ ਹੈ। ਭੱਟਾਂ ਨੇ ਆਪਣੀ ਰਚਨਾ ਵਿਚ ਸਿਰਫ ਇਕ ਵਾਰੀ ਅਰਜੁਨ ਦੇਵ ਵਰਤਿਆ ਹੈ ਅਤੇ ਉਨ੍ਹਾਂ ਦਾ ਮੰਤਵ **ਗੁਰੂ ਅਰਜਨ ਸਾਹਿਬ** ਨੂੰ ਇਕ ਅਵਤਾਰ ਜਾਂ ਦੇਵਤੇ, ਭਾਵ ਗੁਰੂ ਜਾਂ ਗੁਰਮੁਖਿ ਦੇ ਰੂਪ ਵਿਚ ਪੇਸ਼ ਕਰਨਾ ਹੈ, ਜਿਨ੍ਹਾਂ ਸਦਕਾ ਭੱਟਾਂ ਦੇ ਜੀਵਨ ਪ੍ਰਕਾਸ਼ ਆਇਆ। ਇਥੇ ਵੀ ਗੁਰੂ ਅਰਜਨ ਸਾਹਿਬ ਨੂੰ **"ਗੁਰ ਨਾਨਕ ਦੇਵ ਗੋਵਿੰਦ ਰੂਪ"** ਸਾਬਤ ਕਰਨ ਦਾ ਮੰਤਵ ਹੀ ਹੈ।

ਆਮ ਵਿਅਕਤੀ ਦੇ ਨਾਂ ਦਾ ਜੇ ਕਰ ਇਕ ਅੱਖਰ {ਸਪੈਲਿੰਗ} ਵੀ ਬਦਲ ਦਿਤਾ ਜਾਵੇ ਤਾਂ ਉਹ ਬਹੁਤ ਬੁਰਾ ਮਨਾਉਂਦਾ ਹੈ। ਅਸੀਂ ਤਾਂ ਪੂਰੇ ਨਾਂ ਵਿਚ ਹੀ ਤਬਦੀਲੀ ਕਰੀ ਜਾ ਰਹੇ ਹਾਂ। ਜੇ ਕਰ ਕੋਈ ਦੂਸਰੇ ਆ ਕੇ ਸਾਡੇ ਧਰਮ ਵਿਚ ਬਦਲਾਵ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਵੀ ਅਸੀਂ ਸੁਤੇ ਹੀ ਰਹਿੰਦੇ ਹਾਂ। ਗੁਰੂ ਸਾਹਿਬ ਤਾਂ ਹਮੇਸ਼ਾਂ ਜਾਗਦੇ ਤੇ ਸੁਚੇਤ ਰਹਿਣ ਲਈ ਸਿਖਿਆ ਦੇਂਦੇ ਹਨ:

**ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥ ਆਪਨੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥ {੩੪}**

ਸਿੱਖ ਇਤਿਹਾਸ ਵਿਚ ਪਹਿਲਾਂ ਹੀ ਬਹੁਤ ਸਾਰੀ ਮਿਲਾਵਟ ਹੋ ਚੁਕੀ ਹੈ। ਕਿਉਂਕਿ ਸਿੱਖ ਇਤਿਹਾਸ ਲਿਖਣ ਵਾਲੇ ਸਿੱਖ ਨਹੀਂ ਸਨ। ਜੇ ਕਰ ਸਿੱਖ ਇਤਿਹਾਸ ਬਣਾ ਸਕਦੇ ਹਨ, ਤਾਂ ਉਤਨਾਂ ਹੀ ਜਰੂਰੀ ਹੋ ਜਾਂਦਾ ਹੈ ਕਿ ਸਿੱਖ ਆਪਣਾ ਇਤਿਹਾਸ ਆਪ ਪੜ੍ਹਨ ਤੇ ਆਪ ਹੀ ਲਿਖਣ। ਗੁਰੂ ਸਾਹਿਬ ਤਾਂ ਸਾਨੂੰ ਰੋਜਾਨਾ ਆਸਾ ਕੀ ਵਾਰ ਦੇ ਕੀਰਤਨ ਵਿਚ ਇਹੀ ਸਿਖਿਆ ਦੇਂਦੇ ਹਨ:

**"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ {੪੭੪}"**

ਇਹ ਸੱਭ ਪ੍ਰਮਾਣ ਇਹੀ ਮਾਰਗ ਦੱਸਦੇ ਹਨ ਕਿ ਸਾਨੂੰ ਹਰੇਕ ਕਾਰਜ ਸੁਚੇਤ ਰਹਿ ਕੇ ਅਤੇ ਗੁਰੂ ਗਰੰਥ ਸਾਹਿਬ ਵਿਚੋਂ ਪੂਰੀ ਤਰ੍ਹਾਂ ਖੋਜ ਕਰਕੇ ਕਰਨਾ ਚਾਹੀਦਾ ਹੈ। ਸਾਡੇ ਕੋਲ ਸਿਰਫ ਗੁਰੂ ਗਰੰਥ ਸਾਹਿਬ ਹੀ ਸਹੀ ਰੂਪ ਵਿਚ ਬਚੇ ਹਨ। ਇਸ ਲਈ ਹਰੇਕ ਸਿੱਖ ਦਾ ਫਰਜ਼ ਬਣ ਜਾਂਦਾ ਹੈ ਕਿ ਇਸ ਵਿਚ ਕਿਸੇ ਤਰ੍ਹਾਂ ਦੀ ਮਿਲਾਵਟ ਨਾ ਹੋਣ ਦੇਵੇ। ਕੱਚੀ ਬਾਣੀ ਤੋ ਦੂਰ ਰਹੋ, ਸੱਚੀ ਬਾਣੀ ਪੜ੍ਹੋ ਤੇ ਉਸ ਅਨੁਸਾਰ ਜੀਵਨ ਨੂੰ ਢਾਲੋ। ਆਪ ਸੱਚ ਨਾਲ ਜੁੜੋ ਤੇ ਦੂਸਰਿਆਂ ਨੂੰ ਸਹੀ ਜੀਵਨ ਜਾਚ ਲਈ ਪ੍ਰੇਰਨਾ ਕਰੋ:

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥ {੩੦੫}**

ਇਸ ਲਈ ਗੁਰੂ ਸਾਹਿਬਾਂ ਨੂੰ ਸੰਬੋਧਨ ਕਰਨ ਸਮੇਂ ਸਤਿਕਾਰ ਨਾਲ ਗੁਰੂ **ਨਾਨਕ** ਸਾਹਿਬ, ਗੁਰੂ **ਅੰਗਦ** ਸਾਹਿਬ, ਗੁਰੂ **ਅਮਰਦਾਸ** ਸਾਹਿਬ, ਗੁਰੂ **ਰਾਮਦਾਸ** ਸਾਹਿਬ, ਗੁਰੂ **ਅਰਜਨ** ਸਾਹਿਬ, ਗੁਰੂ **ਹਰਿਗੋਬਿੰਦ** ਸਾਹਿਬ, ਗੁਰੂ **ਹਰਿਰਾਏ** ਸਾਹਿਬ, ਗੁਰੂ **ਹਰਿਕਿਸ਼ਨ** ਸਾਹਿਬ, ਗੁਰੂ **ਤੇਗ ਬਹਾਦਰ** ਸਾਹਿਬ, ਗੁਰੂ **ਗੋਬਿੰਦ ਸਿੰਘ** ਸਾਹਿਬ ਅਤੇ ਜੁਗੋ ਜੁਗ ਅਟੱਲ **ਗੁਰੂ ਗਰੰਥ ਸਾਹਿਬ** ਹੀ ਵਰਤਣਾ ਚਾਹੀਦਾ ਹੈ।

ਭਾਈ ਗੁਰਦਾਸ ਜੀ ਦੀ ਹੇਠ ਲਿਖੀ ਵਾਰ ਸਾਬਤ ਕਰਦੀ ਹੈ ਕਿ ਗੁਰੂ ਨਾਨਕ ਸਾਹਿਬ ਨਾਲ ਸਿਰਫ ਭਾਈ ਮਰਦਾਨਾ ਜੀ ਸਨ, ਹੋਰ ਕੋਈ ਤੀਸਰਾ ਨਹੀਂ ਸੀ। ਪਰੰਤੂ ਅਜਕਲ ਦੀਆਂ ਮਨਘੜਤ ਫੋਟੂਆਂ ਵਿਚ ਤੀਸਰਾ ਬਾਲਾ ਪੇਸ਼ ਕੀਤਾ ਜਾ ਰਿਹਾ ਹੈ, ਜੋ ਕਿ ਹੈ ਹੀ ਨਹੀਂ ਸੀ।

**ਬਾਬਾ ਗਿਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ॥ ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥ ਦਿਤੀ ਬਾਂਗ ਨਿਮਾਜ਼ ਕਰ ਸੁੰਨ ਸਮਾਨ ਹੋਯਾ ਜਹਾਨਾ॥ ਸੁੰਨ ਮੁੰਨ ਨਗਰੀ ਭਈ ਦੇਖ ਪੀਰ ਭਇਆ ਹੈਰਾਨਾ॥ ਵੇਖੇ ਧਿਆਨ ਲਗਾਇ ਕਰ ਇਕ ਫਕੀਰ ਵਡਾ ਮਸਤਾਨਾ॥ ਪੁਛਿਆ ਫਿਰਕੇ ਦਸਤਗੀਰ ਕੌਨ ਫਕੀਰ ਕਿਸ ਕਾ ਘਰਾਨਾ॥ ਨਾਨਕ ਕਲਿ ਵਿਚ ਆਇਆ ਰਬ ਫਕੀਰ ਇਕ ਪਹਿਚਾਨਾ॥ ਧਰਤ ਅਕਾਸ਼ ਚਹੂੰ ਦਿਸ ਜਾਨਾ ॥੩੫॥ {੧-੩੫-੮}**

ਗੁਰੂ ਨਾਨਕ ਸਾਹਿਬ ਮਨੁੱਖਤਾ ਨੂੰ ਸਹੀ ਰਸਤੇ ਤੇ ਪਾਉਂਣ ਲਈ ਆਪਣੀਆਂ ੫ ਉਦਾਸੀਆਂ ਵਿਚ ਬਹੁਤ ਸਾਰੀਆਂ ਥਾਂਵਾਂ ਤੇ ਗਏ ਅਤੇ ਲੋਕਾਂ ਨੂੰ ਅਕਾਲ ਪੁਰਖੁ ਦੇ ਗੁਣਾਂ ਨੂੰ ਅਪਨਾ ਕੇ ਆਪਣਾ ਮਨੁੱਖਾ ਜੀਵਨ ਸਫਲ ਕਰਨ ਲਈ ਮਾਰਗ ਦਰਸ਼ਨ ਕੀਤਾ। ਗੁਰੂ ਨਾਨਕ ਸਾਹਿਬ ਆਮ ਲੋਕਾਂ ਤੇ ਵੱਖ ਵੱਖ ਫਿਰਕਿਆਂ ਜਾਂ ਮਜ਼ਬਾਂ ਦੇ ਆਗੂਆਂ ਨੂੰ ਮਿਲਦੇ ਤੇ ਅਕਾਲ ਪੁਰਖੁ ਨੂੰ ਪਾਉਂਣ ਦਾ ਸਰਲ ਤੇ ਸਪੱਸ਼ਟ ਤਰੀਕਾ ਸਮਝਾਉਂਦੇ। ਗੁਰੂ ਨਾਨਕ ਸਾਹਿਬ ਆਪਣੇ ਸਾਥੀ ਭਾਈ ਮਰਦਾਨਾ ਜੀ ਨਾਲ ਚਾਰੇ ਦਿਸ਼ਾਵਾਂ ਵਿਚ ਸਫਰ ਕੀਤਾ ਜੋ ਕਿ ੨੮,੦੦੦ ਕਿਲੋਮੀਟਰ ਦੇ ਕਰੀਬ ਬਣਦਾ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਸਾਰੀਆਂ ਉਦਾਸੀਆਂ ਦੇ ਦੌਰਾਨ ਹੁਣ ਦੇ ਭਾਰਤ ਦੀਆਂ ਲੱਗਭੱਗ ਸਾਰੀਆਂ ਸਟੇਟਾਂ ਵਿਚ ਗਏ। ਭਾਰਤ ਦੀਆਂ ੧੯ ਸਟੇਟਾਂ ਅਨੁਸਾਰ ਲੱਗਭੱਗ ੭੬ {=੧੯*੪} ਭਾਸ਼ਾਵਾਂ ਦੀ ਗਿਣਤੀ ਬਣਦੀ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਸਾਰੀਆਂ ਉਦਾਸੀਆਂ ਦੇ ਦੌਰਾਨ ਹੁਣ ਦੀ ਦੁਨੀਆਂ ਦੇ ਲੱਗਭਗ ਕਈ ਦੇਸ਼ਾਂ ਵਿਚ ਗਏ। ਇਨ੍ਹਾਂ ਵੱਖ ਵੱਖ ਦੇਸ਼ਾਂ ਵਿਚ ਅੱਜਕਲ ਦੇ ਸਮੇਂ ਵਿਚ ਜਿਆਦਾ ਬੋਲਣ ਵਾਲੀਆਂ ਭਾਸ਼ਾਵਾ ਦੀ ਕੁਲ ਗਿਣਤੀ ਲਗਭਗ ੯੧ ਦੇ ਕਰੀਬ ਹੈ। ਕੁਲ ਭਾਰਤ ਤੇ ਹੋਰ ਦੇਸ਼ਾਂ ਦੀਆਂ ਭਾਸ਼ਾਵਾਂ ਦੀ ਗਿਣਤੀ ਲਗਭਗ ੧੬੭ {੭੬+੯੧} ਦੇ ਕਰੀਬ ਬਣ ਜਾਂਦੀ ਹੈ। ਇਨ੍ਹਾਂ ਸਾਰੇ ਇਲਾਕਿਆਂ ਦੀਆਂ ਭਾਸ਼ਾਵਾਂ ਦੀ ਕੁਲ ਗਿਣਤੀ ਤੇ ਗੁਰੂ ਗਰੰਥ ਸਾਹਿਬ ਵਿਚ ਅਨੇਕਾਂ ਭਾਸ਼ਾਵਾਂ ਦੇ ਵਰਤੇ ਗਏ ਸਬਦ ਇਹੀ ਸਾਬਤ ਕਰਦੇ ਹਨ, ਕਿ ਗੁਰੂ ਨਾਨਕ ਸਾਹਿਬ ਨੂੰ ੧੦੦ ਤੋਂ ਵੱਧ ਭਾਸ਼ਾਵਾਂ ਬਾਰੇ ਡੂੰਘਾ ਗਿਆਨ ਤੇ ਜਾਣਕਾਰੀ ਸੀ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਸਾਬਤ ਕਰਦੀ ਹੈ, ਕਿ ਗੁਰੂ ਨਾਨਕ ਸਾਹਿਬ ਨੂੰ ਜਿਥੇ ੧੦੦ ਤੋਂ ਵੱਧ ਭਾਸ਼ਾਵਾ ਦਾ ਗਿਆਨ ਸੀ, ਉਥੇ ਰੋਜਾਨਾ ਜੀਵਨ ਦੀ ਸਿਖਿਆ ਤੋ ਇਲਾਵਾ, ਹੋਰ ਬਹੁਤ ਸਾਰੇ ਵਿਸ਼ਿਆਂ ਸਬੰਧੀ ਡੂੰਘੀ ਜਾਣਕਾਰੀ ਸੀ, ਜਿਸ ਤਰ੍ਹਾਂ ਕਿ ਭੌਤਿਕ ਵਿਗਿਆਨ {Physics}, ਰਸਾਨਿਕ ਵਿਗਿਆਨ {Chemistry}, ਭੂਗੋਲ ਵਿਗਿਆਨ {Geography}, ਆਕਾਸ਼ ਮੰਡਲ {Astronomy}, ਜੀਵ ਵਿਗਿਆਨ {Biology}, ਬਨਸਪਤੀ ਵਿਗਿਆਨ {Botany}, ਮਨੋਵਿਗਿਆਨ {Psychology}, ਆਦਿ। ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਤਾਂ ਆਪਣੇ ਆਪ ਵਿਚ ਇਕ ਪ੍ਰਮਾਣ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਗੁਰਮੁੱਖੀ ਲਿਪੀ ਤੇ ਉਸ ਦੇ ਅੰਦਰ ਦੀ ਵਿਆਕਰਨ ਬਾਰੇ ਨਿੰਪੁਨਤਾ ਸੀ। ਗੁਰੂ ਗਰੰਥ ਸਾਹਿਬ ਵਿਚ ਸਮਾਜਿਕ, ਰਾਜਨੀਤਕ, ਗ੍ਰਹਿ ਵਿਗਿਆਨ, ਇਤਿਹਾਸ, ਭੁਗੋਲ, ਅਰਥ ਸ਼ਾਸਤਰ, ਕਮਿਸਟਰੀ, ਫਿਜ਼ਿਕਸ, ਭੂਮੰਡਲ, ਅਕਾਸ਼ ਮੰਡਲ, ਮਨੋਵਿਗਿਆਨ, ਆਦਿ ਸੱਭ ਤਰ੍ਹਾਂ ਦੇ ਵਿਸ਼ਿਆ ਸਬੰਧੀ ਡੂੰਘੀ ਜਾਣਕਾਰੀ ਦਿੱਤੀ ਗਈ ਹੈ, ਤਾਂ ਜੋ ਸਮੁੱਚੀ ਮਨੁੱਖਤਾ ਨੂੰ ਜੀਵਨ ਦੀ ਸਹੀ ਦਿਸ਼ਾ ਵੱਲ ਮੋੜਿਆ ਜਾ ਸਕੇ।

ਗੁਰੂ ਦੇ ਸਿੱਖ ਦਾ ਫਰਜ਼ ਬਣ ਜਾਂਦਾ ਹੈ ਕਿ ਆਪ ਗੁਰਬਾਣੀ ਨੂੰ ਪੜ੍ਹੇ ਤੇ ਦੂਸਰਿਆ ਨੂੰ ਗੁਰਬਾਣੀ ਪੜ੍ਹਨ ਲਈ ਪ੍ਰੇਰਨਾ ਅਤੇ ਸਹਾਇਤਾ ਕਰੇ। ਜੇ ਕਰ ਆਪਣੇ ਆਪ ਨੂੰ ਸਿੱਖ ਕਹਿਲਾਉਂਣਾਂ ਚਾਹੁੰਦੇ ਹਾਂ, ਤਾਂ ਸਾਨੂੰ ਦੁਨਿਆਵੀ ਤੇ ਅਧਿਆਤਮਕ ਸਿਖਿਆਵਾਂ, ਦੋਵੇ ਹੀ ਹਾਸਲ ਕਰਨੀਆਂ ਪੈਣਗੀਆਂ। ਅਨਪੜ੍ਹ ਪ੍ਰਚਾਰਕਾਂ ਕੋਲੋ ਗੁਮਰਾਹ ਹੋਣ ਦੀ ਬਜਾਏ ਪੜ੍ਹੇ ਲਿਖੇ, ਲਾਇਕ ਤੇ ਸੁਲਝੇ ਹੋਏ ਗ੍ਰੰਥੀ ਤੇ ਪ੍ਰਚਾਰਕ ਨਿਯੁਕਤ ਕਰਨੇ ਚਾਹੀਦੇ ਹਨ। ਆਪਣੇ ਕਿਤਿਆਂ ਵਿਚ

ਨਿਪੁਨੰਤਾ ਹਾਸਲ ਕਰਨ ਲਈ ਸਿੱਖਾਂ ਨੂੰ ਆਪਣਾ ਅਧਿਆਤਮਿਕ ਤੇ ਵਿਦਿਅਕ ਪੱਧਰ ਉੱਚਾ ਕਰਨਾ ਪਵੇਗਾ, ਬੱਚਿਆਂ ਦੀ ਪੜ੍ਹਾਈ ਵਲ ਖਾਸ ਧਿਆਨ ਦੇਣਾ ਪਵੇਗਾ। ਜੀਵਨ ਵਿਚ ਸਫਲਤਾ ਲਈ ਸੱਚ ਦਾ ਵਿਉਪਾਰ ਜਰੂਰੀ ਹੈ। ਸਸਤਾ ਤੇ ਚੰਗਾ ਮਾਲ ਵੇਚਣਾ, ਠੀਕ ਤੋਲਣਾ ਅਤੇ ਹੇਰਾ ਫੇਰੀ ਨਾ ਕਰਨ ਨਾਲ, ਹੋਰਨਾਂ ਨੂੰ ਵੀ ਸੱਚੇ ਵਿਉਪਾਰ ਲਈ ਪ੍ਰੇਰਿਆ ਜਾ ਸਕੇਗਾ। ਇਸ ਤਰ੍ਹਾਂ ਕਰਨ ਨਾਲ ਮਨੁੱਖਾ ਜੀਵਨ ਸਫਲ ਕੀਤਾ ਜਾ ਸਕਦਾ ਹੈ।

**ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥ {੨੯੩}**

ਆਮ ਤੌਰ ਤੇ ਸਿੱਖ ਇਤਿਹਾਸ ਸਬੰਧਤ ਜੋ ਵੀ ਪੇਸ਼ ਕੀਤਾ ਜਾਂਦਾ ਹੈ, ਅਕਸਰ ਉਸ ਦੇ ਸੰਬੰਧੀ ਸਬੂਤ, ਤੇ ਉਹ ਕਿਸ ਆਧਾਰ ਤੇ ਲਿਆ ਗਿਆ ਹੈ, ਬਾਰੇ ਬਹੁਤ ਘੱਟ ਰੌਸ਼ਨੀ ਪਾਈ ਜਾਂਦੀ ਹੈ। ਸਮਾਂ ਪਾ ਕੇ ਚਲ ਰਹੀਆਂ ਪ੍ਰਚਲਤ ਕਹਾਣੀਆਂ, ਇਤਿਹਾਸ ਦਾ ਰੂਪ ਲੈ ਲੈਂਦੀਆਂ ਹਨ, ਕਿਉਂਕਿ ਲੋਕ ਆਪਣੀ ਬੁਧੀ ਅਨੁਸਾਰ ਕਈ ਵਾਰੀ ਕੁਝ ਬਦਲਾਵ ਵੀ ਕਰਦੇ ਰਹਿੰਦੇ ਹਨ, ਕੁਝ ਕੁ ਸਦੀਆਂ ਬਾਅਦ ਕਈ ਵਾਰੀ, ਕੁਝ ਹੋਰ ਹੀ ਬਣ ਜਾਂਦਾ ਹੈ, ਤੇ ਅਸੀਂ ਅਸਲੀਅਤ ਤੋਂ ਬਹੁਤ ਦੂਰ ਚਲੇ ਜਾਂਦੇ ਹਾਂ।

ਗੁਰੂ ਗਰੰਥ ਸਾਹਿਬ ਵਿਚ ੧੫ ਭਗਤਾਂ ਦੀ ਬਾਣੀ ਦਰਜ ਹੈ। ਪਰੰਤੂ ਉਨ੍ਹਾਂ ਬਾਰੇ ਇਤਿਹਾਸਕ ਜਾਣਕਾਰੀ ਬਹੁਤ ਘਟ ਹੈ। ਬਹੁਤ ਸਾਰਿਆਂ ਬਾਰੇ ਕਰਾਮਾਤੀ ਕਥਾਵਾਂ ਪ੍ਰਚਲਤ ਹੋ ਗਈਆਂ ਹਨ। ਗੁਰਮਤਿ ਅਨੁਸਾਰ ਕਰਾਮਾਤ ਬਿਲਕੁਲ ਪ੍ਰਵਾਨ ਨਹੀਂ, ਪਰਤੂੰ ਆਮ ਲੋਕਾਂ ਨੂੰ ਕਰਾਮਾਤ ਬਹੁਤ ਚੰਗੀ ਲਗਦੀ ਹੈ, ਤੇ ਉਸ ਨਾਲ ਬਹੁਤ ਪ੍ਰਭਾਵਤ ਵੀ ਹੁੰਦੇ ਹਨ। ਇਹੀ ਕਾਰਨ ਹੈ ਕਿ ਕਰਾਮਾਤੀ ਕਹਾਣੀਆਂ ਸੁਣਾਉਂਣ ਵਾਲੇ ਬਾਬਿਆਂ ਨਾਲ ਪ੍ਰਭਾਵਤ ਹੋਣ ਵਾਲੇ ਲੋਕਾਂ ਦੀ ਗਿਣਤੀ, ਸੱਚ ਤੇ ਆਧਾਰ ਤੇ ਚਲਣ ਵਾਲਿਆਂ ਨਾਲੋਂ ਕਿਤੇ ਜਿਆਦਾ ਹੁੰਦੀ ਹੈ।

ਇਤਿਹਾਸ ਨੂੰ ਪਰਖਣ ਲਈ ਸਾਡੇ ਕੋਲ ਇਕ ਉੱਤਮ, ਸਪੱਸ਼ਟ ਤੇ ਕਾਰਗਰ ਗਿਆਨ ਦਾ ਭੰਡਾਰ ਵੀ ਮੌਜੂਦ ਹੈ। ਇਸ ਗਿਆਨ ਦੇ ਸੋਮੇ, ਜੁਗੋ ਜੁਗ ਅਟੱਲ, ਗੁਰੂ ਗਰੰਥ ਸਾਹਿਬ ਕੋਲੋ ਇਸ ਇਤਿਹਾਸ ਬਾਰੇ ਕੁਝ ਕੁ ਸੇਧ ਲੈਂਣ ਦਾ ਉਪਰਾਲਾ ਕੀਤਾ ਗਿਆ ਹੈ।

ਗੁਰੂ ਅਮਰਦਾਸ ਸਾਹਿਬ ਨੇ ਆਪਣੀ ਬਾਣੀ ਵਿਚ ਪੂਰੇ ਗੁਰੂ ਦੁਆਰਾ ਗੁਣ ਗਾਇਨ ਕਰਨ ਦੀ ਸਿਖਿਆ ਦਿਤੀ ਹੈ ਤੇ ਨਾਲ ਹੀ ਆਪਣੇ ਸਬਦ ਵਿਚ ਭਗਤ ਨਾਮਦੇਵ ਜੀ ਤੇ ਭਗਤ ਕਬੀਰ ਜੀ ਬਾਰੇ, ਆਪ ਜੀ ਨੇ ਪੂਰੇ ਗੁਰੂ ਦੁਆਰਾ ਗੁਣ ਗਾਇਨ ਕਰਨ ਦਾ ਜਿਕਰ ਵੀ ਕੀਤਾ ਹੈ। ਸਾਰੇ ਭਗਤਾਂ ਨੇ **ਪੂਰੇ ਗੁਰੂ** ਤੋਂ ਉੱਚੀ ਆਤਮਕ ਅਵਸਥਾ ਹਾਸਲ ਕੀਤੀ, ਆਪਣੇ ਅੰਦਰੋਂ ਹਉਮੈ ਦੂਰ ਕੀਤਾ ਤੇ ਅਕਾਲ ਪੁਰਖੁ ਦੇ ਨਾਲ ਸਾਂਝ ਪਾ ਲਈ। **ਇਕ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ, ਕਿ ਪੂਰੇ ਗੁਰੂ ਅਤੇ ਸਬਦ ਗੁਰੂ ਸਬੰਧੀ ਵਿਚਾਰਧਾਰਾ ਸਿਰਫ ਗੁਰੂ ਨਾਨਕ ਸਾਹਿਬ ਨੇ ਆਰੰਭ ਕੀਤੀ ਸੀ, ਕਿਸੇ ਹੋਰ ਨੇ ਨਹੀਂ।**

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ, ਕੁਝ ਕੁ ਇਤਿਹਾਸਕ ਖਾਮੀਆਂ ਬੜੇ ਖੁਲੇ ਤੌਰ ਸਪੱਸ਼ਟ ਕਰ ਦੇਂਦੀ ਹੈ। **ਭਗਤ ਕਬੀਰ ਜੀ {੧੪੪੧ ਤੋਂ ੧੫੧੮} ਦਾ ਜਿਕਰ ਉਨ੍ਹਾਂ ਤੋਂ ਕਈ ਸਾਲ ਪਹਿਲਾਂ ਪੈਦਾ ਹੋਣ ਵਾਲੇ ਭਗਤ ਰਵਿਦਾਸ ਜੀ, {੧੩੬੬ ਤੋਂ} ਕਿਸ ਤਰ੍ਹਾਂ ਕਰ ਸਕਦੇ ਸਨ।** ਇਸ ਲਈ ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਤੋਂ ਬਾਅਦ ਹੋਏ ਹੋ ਸਕਦੇ ਹਨ, ਪਹਿਲਾਂ ਨਹੀਂ।

ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਭਗਤ ਕਬੀਰ ਜੀ ਦਾ ਭਗਤ ਰਾਮਾਨੰਦ ਜੀ ਨੂੰ ਮਿਲਣ ਬਾਰੇ ਜਿਕਰ ਕੀਤਾ ਹੈ। ਜੇ ਕਰ ਭਗਤ ਰਾਮਾਨੰਦ ਜੀ {੧੩੬੬ ਤੋਂ} ਨੂੰ ਮਿਲਣ ਸਮੇਂ ਭਗਤ ਕਬੀਰ ਜੀ {੧੪੪੧ ਤੋਂ ੧੫੧੮} ਦੀ ਉਮਰ ੨੦ ਸਾਲ ਦੀ ਵੀ ਸੀ ਤਾਂ ਭਗਤ ਰਾਮਾਨੰਦ ਜੀ ਦੀ ਉਮਰ ੯੫ ਸਾਲ ਹੋਣੀ ਚਾਹੀਦੀ ਹੈ। ਕੀ ਇਸ ਲੰਮੀ ਉਮਰ ਲਈ ਕੋਈ ਹੋਰ ਪ੍ਰਮਾਣ ਹੈ? ਜੇ ਨਹੀਂ ਤਾਂ ਇਸ ਇਤਿਹਾਸ ਵਿਚ ਕੋਈ ਖਾਮੀਆਂ ਹਨ। **ਭਾਈ ਗੁਰਦਾਸ ਜੀ ਦੀ**

**ਵਾਰ ਨੰ: ੧੦-੧੯ ਅਨੁਸਾਰ ਭਗਤ ਸੈਣ ਜੀ {੧੩੪੪ ਤੋਂ}, ਭਗਤ ਕਬੀਰ ਜੀ {੧੪੪੧ ਤੋਂ ੧੫੧੮} ਤੋ ਬਾਅਦ ਹੀ ਹੋ ਸਕਦੇ ਹਨ, ਪਹਿਲਾਂ ਨਹੀਂ।**

ਆਮ ਤੌਰ ਤੇ ਇਤਿਹਾਸਕ ਗੱਲਾਂ ਕਰਨ ਵੇਲੇ, ਇਹੀ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਬਹੁਤ ਸਾਰੇ ਭਗਤਾਂ ਦੀ ਬਾਣੀ ਇਕੱਠੀ ਕੀਤੀ ਸੀ। **ਪਰੰਤੂ, ਹੈਰਾਨਗੀ ਦੀ ਗਲ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਇਨ੍ਹਾਂ ੧੫ ਭਗਤਾਂ ਵਿਚੋਂ ਕਿਸੇ ਇਕ ਦਾ ਵੀ ਜਿਕਰ ਨਹੀਂ ਕੀਤਾ ਹੈ। ਇਥੋਂ ਤੱਕ ਕਿ ਗੁਰੂ ਅੰਗਦ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਕਿਸੇ ਇਕ ਭਗਤ ਦਾ ਵੀ ਜਿਕਰ ਨਹੀਂ ਕੀਤਾ ਹੈ।** ਜੇ ਕਰ ਗੁਰੂ ਨਾਨਕ ਸਾਹਿਬ ਦੇ ਮਨ ਦੇ ਅੰਦਰ ਭਗਤਾਂ ਦੀ ਬਾਣੀ ਲਈ ਸਤਿਕਾਰ ਸੀ, ਤਾਂ ਉਹ, ਉਨ੍ਹਾਂ ਦਾ ਆਪਣੀ ਬਾਣੀ ਵਿਚ ਜਰੂਰ ਜਿਕਰ ਕਰਦੇ। ਗੁਰੂ ਗਰੰਥ ਸਾਹਿਬ ਵਿਚ ਅਕਿਰਤਘਣਾਂ ਨੂੰ ਬੁਰੀ ਤਰ੍ਹਾਂ ਫਿਟਕਾਰਿਆ ਗਿਆ ਹੈ। ਇਸ ਲਈ ਗੁਰੂ ਨਾਨਕ ਸਾਹਿਬ ਦਾ ਅਕਿਰਤਘਣ ਬਣਨਾਂ ਅਸੰਭਵ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਕਈਆਂ ਵਿਅਕਤੀਆਂ ਤੇ ਇਤਿਹਾਸਕ ਘਟਨਾਵਾਂ ਦਾ ਵੀ ਜਿਕਰ ਕੀਤਾ ਹੈ। ਗੁਰੂ ਨਾਨਕ ਸਾਹਿਬ ਕਿਸੇ ਵੀ ਗੁਰਮੁਖ ਨੂੰ ਬਿਆਨ ਕੀਤੇ ਬਿਨਾ ਨਹੀਂ ਛੱਡ ਸਕਦੇ ਸਨ। ਜੇਕਰ ਉਨ੍ਹਾਂ ਦੇ ਮਨ ਦੇ ਅੰਦਰ ਭਗਤਾਂ ਦੀ ਬਾਣੀ ਲਈ ਸਤਿਕਾਰ ਸੀ, ਤਾਂ ਉਹ ਉਨ੍ਹਾਂ ਭਗਤਾਂ ਦਾ ਆਪਣੀ ਬਾਣੀ ਵਿਚ ਕਿਤੇ ਨਾ ਕਿਤੇ ਜਰੂਰ ਜਿਕਰ ਕਰਦੇ। ਪਰੰਤੂ, ਇਸ ਸੰਬੰਧੀ ਗੁਰੂ ਗਰੰਥ ਸਾਹਿਬ ਵਿਚ ਕੋਈ ਪ੍ਰਮਾਣ ਨਹੀਂ ਮਿਲਦਾ ਹੈ। ਗੁਰੂ ਨਾਨਕ ਸਾਹਿਬ ਦੀ ਸਿਖਿਆ ਲੈ ਕੇ, ਜਿਨ੍ਹਾਂ ਦੇ ਜੀਵਨ ਵਿਚ ਪਲਟਾ ਆ ਗਿਆ, ਉਨ੍ਹਾਂ ਦਾ ਵੀ ਗੁਰੂ ਨਾਨਕ ਸਾਹਿਬ ਨੇ ਜਿਕਰ ਕੀਤਾ ਹੈ, ਜਿਵੇਂ ਕਿ ਭਾਈ ਸਜਣ ਦਾ ਇਕ ਠੱਗ ਤੋਂ ਸਿੱਖੀ ਦਾ ਪ੍ਰਚਾਰਕ ਬਣਨਾ। ਗੁਰੂ ਨਾਨਕ ਸਾਹਿਬ ਨੇ ਹਰੇਕ ਨੂੰ ਜੀਵਨ ਦਾ ਅਸਲੀ ਮਾਰਗ ਸਮਝਾਇਆ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਜੀਵਨ ਦੇ ਹਰੇਕ ਪਹਿਲੂ ਦਾ ਜਿਕਰ ਕੀਤਾ ਹੈ ਤੇ ਜੀਵਨ ਦਾ ਸਹੀ ਮਾਰਗ ਸਮਝਾਇਆ ਹੈ। ਲੋਕਾਂ ਨੂੰ ਕਰਮ ਕਾਂਡਾਂ ਵਿਚੋਂ ਬਾਹਰ ਕੱਢਣ ਲਈ, ਉਨ੍ਹਾਂ ਦੀ ਭਾਸ਼ਾ ਵਿਚ ਬਾਣੀ ਰਚੀ, ਤੇ ਨਾਲ ਨਾਲ ਸਭ ਨੂੰ ਸਮਝਾਇਆ ਕਿ ਅਸਲੀ ਰਿਵਾਇਤਾਂ ਕਿਸ ਤਰ੍ਹਾਂ ਕਰਨੀਆਂ ਹਨ, ਤਾਂ ਜੋ ਉਸ ਅਕਾਲ ਪੁਰਖੁ ਨਾਲ ਸਬੰਧ ਜੋੜਿਆ ਜਾ ਸਕੇ।

ਇਸ ਲਈ ਜੇ ਕਰ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਧਿਆਨ ਵਿਚ ਰੱਖ ਕੇ ਇਤਿਹਾਸ ਦੀ ਸੱਚਾਈ ਨੂੰ ਪਰਖਿਆ ਜਾਵੇ ਤਾਂ ਇਹੀ ਪ੍ਰਤੀਤ ਹੁੰਦਾਂ ਹੈ, **ਕਿ ਇਹ ਸਾਰੇ ਭਗਤ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਬਾਅਦ ਹੀ ਹੋਏ ਹੋਣਗੇ।** ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੇ ਜੀਵਨ ਵਿਚ ਬਦਲਾਵ ਆਇਆ ਤੇ ਬਾਣੀ ਲਿਖਣ ਦੀ ਸਮਰੱਥਾ ਤਕ ਪਹੁੰਚ ਸਕੇ। ਗੁਰੂ ਨਾਨਕ ਸਾਹਿਬ ਨੇ ਆਪਣੀਆਂ ਉਦਾਸੀਆ ਸਮੇਂ ਕਈਆਂ ਨੂੰ ਮਿਲੇ ਤੇ ਬਹੁਤ ਸਾਰਿਆ ਦਾ ਸਿਧੇ ਜਾਂ ਅਸਿਧੇ ਤੌਰ ਤੇ ਬਾਣੀ ਵਿਚ ਜਿਕਰ ਕੀਤਾ ਹੈ। ਗੁਰੂ ਅਮਰਦਾਸ ਸਾਹਿਬ ਤੇ ਗੁਰੂ ਅਰਜਨ ਸਾਹਿਬ ਨੇ ਵੀ ਕਈ ਘਟਨਾਵਾਂ ਦਾ ਆਪਣੀ ਬਾਣੀ ਵਿੱਚ ਜਿਕਰ ਕੀਤਾ ਹੈ। ਸਾਰੇ ਭਗਤਾਂ ਦੀ ਬਾਣੀ ਨੂੰ ਵਿਚਾਰਿਆ ਜਾਵੇ ਤਾਂ ਇਨ੍ਹਾਂ ਦੀ ਸ਼ਬਦਾਵਲੀ ਤੇ ਭਾਸ਼ਾ ਵਿਚ ਬਹੁਤ ਭਾਰੀ ਅੰਤਰ ਨਹੀਂ ਦਿਖਾਈ ਦੇਂਦਾ ਹੈ, ਜੋ ਕਿ ੪੦੦ ਸਾਲ {੧੧੭੦ ਤੋਂ ੧੫੭੩} ਦੇ ਇਸ ਸਮੇਂ ਵਿਚ ਹੋ ਸਕਦਾ ਹੈ। ਹਾਂ ਇਲਾਕੇ ਦੀ ਸ਼ਬਦਾਵਲੀ ਤੇ ਭਾਸ਼ਾ ਵਿਚ ਕੁਝ ਫਰਕ ਹੋ ਸਕਦਾ ਹੈ।

ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦੇ ਅਧਾਰ ਤੇ ਵੇਖਿਆ ਜਾਵੇ ਤਾਂ ਗੁਰੂ ਅਰਜਨ ਸਾਹਿਬ ਨੇ ਬਹੁਤ ਸਾਰੇ ਭਗਤਾਂ {੧੦ ਭਗਤਾਂ} ਦਾ ਜਿਕਰ ਕੀਤਾ ਹੈ, ਗੁਰੂ ਰਾਮਦਾਸ ਸਾਹਿਬ ਨੇ ੭ ਭਗਤਾਂ ਦਾ ਜਿਕਰ ਕੀਤਾ ਹੈ ਤੇ ਗੁਰੂ ਅਮਰਦਾਸ ਸਾਹਿਬ ਨੇ ਸਿਰਫ ੩ ਭਗਤਾਂ ਦਾ ਹੀ ਜਿਕਰ ਕੀਤਾ ਹੈ। ਇਹ ਤਰਤੀਬ ਵੀ ਪ੍ਰਮਾਣ ਦੇਂਦੀ ਹੈ ਕਿ ਇਨ੍ਹਾਂ ਭਗਤਾਂ ਬਾਰੇ ਜਾਣਕਾਰੀ ਗੁਰੂ ਅਮਰਦਾਸ ਸਾਹਿਬ ਦੇ ਸਮੇਂ ਮਿਲੀ ਹੋਵੇਗੀ ਤੇ ਉਸ ਜਾਣਕਾਰੀ ਵਿਚ ਸਮੇਂ ਨਾਲ ਹੌਲੀ ਹੌਲੀ ਵਾਧਾ ਹੁੰਦਾਂ ਗਿਆ, ਜਿਸ ਸਦਕਾ ਪਾ: ਚੌਥੀ ਨੇ ਸੱਤ ਭਗਤਾਂ ਬਾਰੇ ਜਿਕਰ ਕੀਤਾ, ਤੇ ਪਾ: ਪੰਜਵੀ ਨੇ ਦਸ ਭਗਤਾਂ ਬਾਰੇ ਜਿਕਰ ਕੀਤਾ ਹੈ।

ਭਗਤਾਂ ਨੇ ਆਪਣੀ ਬਾਣੀ ਵਿੱਚ ਅਤੇ ਗੁਰੂ ਸਾਹਿਬਾਂ ਨੇ ਭਗਤਾਂ ਸੰਬੰਧੀ ਇਹੀ ਲਿਖਿਆ ਹੈ, ਕਿ ਉਨ੍ਹਾ ਨੇ **"ਪੂਰੇ ਗੁਰ ਤੇ ਗਤਿ ਪਾਈ",** ਭਾਵ ਪੂਰੇ ਗੁਰੂ ਤੋਂ ਸਿਖਿਆ ਪ੍ਰਾਪਤ ਕੀਤੀ। ਸਾਨੂੰ ਭਲੀ ਪ੍ਰਕਾਰ ਪਤਾ ਹੈ ਕਿ ਪੂਰੇ ਗੁਰੂ ਦਾ ਭਾਵ, ਸਬਦ ਗੁਰੂ ਹੀ ਹੈ। ਆਮ ਤੌਰ ਤੇ ਇਤਿਹਾਸਕ ਕਥਾਂਵਾਂ ਬਿਆਨ ਕਰਦੇ ਸਮੇਂ, ਇਨ੍ਹਾਂ ਭਗਤਾਂ ਦੇ ਕਈ ਦੁਨਿਆਵੀ ਗੁਰੂਆਂ ਦਾ ਵੀ ਜਿਕਰ ਕੀਤਾ ਜਾਂਦਾ ਹੈ, ਪਰੰਤੂ, ਉਹ ਬਿਆਨ ਕੀਤੇ ਜਾ ਰਹੇ ਗੁਰੂ, ਪੂਰੇ ਗੁਰੂ ਦੀ ਅਵਸਥਾ ਤਕ ਨਹੀਂ ਪਹੁੰਚੇ ਸਨ, ਕਿਉਂਕਿ ਅਜੇਹਿਆਂ ਗੁਰੂਆਂ ਦੀ ਉੱਚੀ ਅਵਸਥਾ ਸੰਬੰਧੀ ਗੁਰੂ ਸਾਹਿਬਾਂ ਨੇ ਕੋਈ ਜਿਕਰ ਨਹੀਂ ਕੀਤਾ ਹੈ। ਇਥੋਂ ਤੱਕ ਕਿ ਭਗਤਾਂ ਨੇ ਵੀ ਆਪਣੀ ਬਾਣੀ ਵਿੱਚ ਕਿਸੇ ਵਿਅਕਤੀਗਤ ਗੁਰੂ, ਦਾ ਕੋਈ ਜਿਕਰ ਨਹੀਂ ਕੀਤਾ ਹੈ। ਇਸ ਤੋਂ ਸਾਫ ਜਾਹਰ ਹੁੰਦਾ ਹੈ ਕਿ ਇਨ੍ਹਾਂ ਭਗਤਾਂ ਨੇ ਵੀ ਗੁਰੂ ਨਾਨਕ ਸਾਹਿਬ ਦੁਆਰਾ ਦਰਸਾਏ ਗਏ ਸਬਦ ਗੁਰੂ ਨੂੰ ਹੀ ਅਪਨਾਇਆ ਹੋਵੇਗਾ।

**ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥ ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥੫॥ ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ ॥ ਮਨੁ ਡੀਗਿ ਨ ਡੋਲੈ ਕਹੂੰ ਜਾਇ ॥ ਮਨ ਤੂ ਭੀ ਤਰਸਹਿ ਸਰਣਿ ਪਾਇ ॥੬॥ ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ॥ ਸੇ ਤੈਂ ਲੀਨੇ ਭਗਤ ਰਾਖਿ ॥ ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥ ਇਹ ਬਿਧਿ ਦੇਖਿ ਮਨੁ ਲਗਾ ਸੇਵ ॥੭॥ ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥ ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥ {੧੧੯੨}**

ਇਕ ਹੋਰ ਵੱਡਾ ਪ੍ਰਮਾਣ ਹੈ, ਕਿ ਇਨ੍ਹਾਂ ਸਾਰੇ ਭਗਤਾਂ ਨੇ ਆਪਣੀ ਬਾਣੀ ਵਿਚ ਸ਼ਬਦ ਦਾ ਕੇਂਦਰੀ ਭਾਵ ਦੱਸਣ ਲਈ **ਰਹਾਉ** ਦੀ ਪੰਗਤੀ ਵਰਤੀ ਹੈ। ਗੁਰੂ ਨਾਨਕ ਸਾਹਿਬ ਤੇ ਬਾਕੀ ਦੇ ਸਾਰੇ ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਸ਼ਬਦ ਦਾ ਕੇਂਦਰੀ ਭਾਵ ਸਮਝਾਉਂਣ ਲਈ ਰਹਾਉ ਦੀ ਪੰਗਤੀ ਹੀ ਵਰਤੀ ਹੈ। ਸਾਰੇ ਭਗਤਾਂ ਦਾ ਸ਼ਬਦ ਦੇ ਕੇਂਦਰੀ ਭਾਵ ਨੂੰ ਦੱਸਣ ਲਈ ਰਹਾਉ ਨੂੰ ਵਰਤਣਾਂ, ਇਹੀ ਸੰਕੇਤ ਦੇਂਦਾ ਹੈ, ਕਿ ਇਨ੍ਹਾਂ ਭਗਤਾਂ ਨੇ ਗੁਰੂ ਨਾਨਕ ਸਾਹਿਬ ਦੀ ਸਿਖਿਆਂ ਤੇ ਗੁਰਬਾਣੀ ਦੀ ਬਣਤਰ ਨੂੰ ਅਪਨਾਇਆ। ਗੁਰੂ ਅਰਜਨ ਸਾਹਿਬ ਨੇ ਸਿਰਲੇਖ, ਸਬਦਾ ਦੀ ਤਰਤੀਬ, ਗਿਣਤੀ, ਤੇ ਕੁੱਲ ਸਬਦ, ਸਭ ਥਾਂਵਾਂ ਤੇ ਅੰਕਿਤ ਕੀਤੇ ਹਨ। ਗੁਰੂ ਸਾਹਿਬ ਨੇ ੪੦੦ ਸਾਲ ਪਹਿਲਾਂ ਦੂਰਅੰਦੇਸ਼ੀ ਤੇ ਸਿਆਣਪ ਵਾਲਾ ਤਰੀਕਾ {Software Interlock System} ਅਪਨਾਇਆ, ਤਾਂ ਜੋ ਕੋਈ ਵੀ ਇਸ ਸੱਚੀ ਬਾਣੀ ਵਿਚ ਬਦਲਾਵ ਨਾ ਕਰ ਸਕੇ।

ਇਸ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਤੇ ਉਸ ਅਨੁਸਾਰ ਮਿਲ ਰਹੇ ਪ੍ਰਮਾਣ ਇਹੀ ਸਾਬਤ ਕਰਦੇ ਹਨ, ਕਿ ਇਹ ਸਾਰੇ ਭਗਤ, ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਬਾਅਦ ਹੀ ਹੋਏ ਹੋਣਗੇ, ਤੇ ਇਨ੍ਹਾਂ ਸਾਰੇ ਭਗਤਾਂ ਨੇ ਆਪਣੀ ਰਚਨਾਂ ਲਿਖਣ ਲਈ ਸੇਧ ਵੀ ਗੁਰੂ ਨਾਨਕ ਸਾਹਿਬ ਤੇ ਹੋਰ ਗੁਰੂ ਸਾਹਿਬਾਂ ਤੋਂ ਲਈ ਹੋਵੇਗੀ।

"ਵਾਹਿ ਗੁਰੂ ਜੀ ਕਾ ਖਾਲਸਾ ਵਾਹਿ ਗੁਰੂ ਜੀ ਕੀ ਫਤਿਹ"

ਤਤਕਰਾ

# ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਅਨੁਸਾਰ ਗੁਰਮੁਖੀ ਤੇ ਅੰਗਰੇਜ਼ੀ ਦੀਆਂ ਕਿਤਾਬਾਂ ਅਤੇ ਲੇਖਾਂ ਦੀ ਸੂਚੀ {ਡਾ. ਸਰਬਜੀਤ ਸਿੰਘ}

## List of Punjabi and English books and articles according to the Gurbani written in Guru Granth Sahib {Dr. Sarabjit Singh}

Email = sarbjitsingh@yahoo.com
Web = https://gurmat-research.com
http://www.geocities.ws/sarbjitsingh/,
http://www.sikhmarg.com/article-dr-sarbjit.html
https://sikhwisdom.org/profile/sarbjitsingh/answers/

ਕਿਤਾਬਾਂ Books | ਗੁਰੂ ਨਾਨਕ ਸਾਹਿਬ Guru Nanak Sahib | ਨਾਮੁ Naam | ਗੁਰਮਤਿ ਅਤੇ ਸਾਇੰਸ Gurmat and Science | ਬੱਚੇ ਮਾਤਾ ਪਿਤਾ Children Parents | ਕੀਰਤਨ Kirtan | ਹੋਰ ਵਿਸ਼ਿਆਂ ਸਬੰਧੀ ਲੇਖ Other Subjects

ਤਤਕਰਾ

| | ਵਿਸ਼ਾ | Subject | Link | Link |
|---|---|---|---|---|
